## ਅਧਿਆਇ 3

# ਪਰਮੇਸ਼ੁਰ ਦੁਆਰਾ ਮੂਸਾ ਦਾ ਬੁਲਾਇਆ ਜਾਣਾ (ਭਾਗ 1)

3 ਅਤੇ 4 ਅਧਿਆਇਆਂ ਵਿੱਚ ਪਰਮੇਸ਼ੁਰ ਦੇ ਦੁਆਰਾ ਮੂਸਾ ਦੀ ਬੁਲਾਹਟ ਸ਼ਾਮਲ ਹੈ। ਮਿਦਯਾਨ ਦੇਸ ਵਿਚ, ਮੂਸਾ ਇੱਕ ਅਯਾਲੀ ਦੇ ਰੂਪ ਵਿੱਚ, ਆਪਣੇ ਸੌਹਰੇ ਯਿਥਰੋ ਦੀ ਸੇਵਾ ਕਰ ਰਿਹਾ ਸੀ। ਹੋਰੇਬ ਪਹਾੜ ਤੇ, ਇੱਕ ਬਲਦੀ ਹੋਈ ਝਾੜੀ ਵਿੱਚ ਪਰਮੇਸ਼ੁਰ ਨੇ ਮੂਸਾ ਨੂੰ ਦਰਸ਼ਣ ਦਿੱਤਾ। ਆਪਣੇ ਲੋਕਾਂ ਦੇ ਪ੍ਰਤਿ ਉਸ ਦੀ ਵੱਡੀ ਕਿਰਪਾ ਦੇ ਕਾਰਣ, ਉਸ ਨੇ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਛੁਡਾਉਣ ਦੇ ਲਈ ਮੂਸਾ ਨੂੰ ਬੁਲਾਇਆ (3:1-10)।

ਸਭ ਤੋਂ ਪਹਿਲਾਂ, ਮੂਸਾ ਨੇ ਪੁੱਛਿਆ, “ਮੈਂ ਕੌਣ ਹਾਂ?” ਜੋ ਇਸ ਗੱਲ ਦਾ ਸੰਕੇਤ ਦਿੰਦਾ ਹੈ ਕਿ ਉਹ ਕੰਮ ਕਰਨ ਤੋਂ ਅਸਮੱਰਥ ਸੀ। ਪਰਮੇਸ਼ੁਰ ਨੇ ਉੱਤਰ ਦਿੱਤਾ ਕਿ ਉਹ ਮੂਸਾ ਦੇ ਨਾਲ ਹੋਵੇਗਾ (3:11, 12)। ਦੂਸਰਾ, ਮੂਸਾ ਨੇ ਪੁੱਛਿਆ ਕਿ ਜਦੋਂ ਉਹ ਲੋਕਾਂ ਦੇ ਕੋਲ ਜਾਵੇ ਤਾਂ ਉਹ ਕਿਸ ਨਾਮ ਦੇ ਨਾਲ ਲੋਕਾਂ ਦੇ ਸਾਹਮਣੇ ਪਰਮੇਸ਼ੁਰ ਦੀ ਪਹਿਚਾਣ ਕਰਾਵੇ। ਪਰਮੇਸ਼ੁਰ ਨੇ ਉੱਤਰ ਦਿੱਤਾ ਕਿ ਉਸ ਦਾ ਨਾਮ “ਮੈਂ ਹਾਂ” ਹੈ, ਇਸ ਦੇ ਨਾਲ ਨਾਲ ਉਸ ਨੇ ਕਿਹਾ ਉਹੀ ਪਰਮੇਸ਼ੁਰ ਜਿਸ ਦੀ ਅਰਾਧਨਾ ਉਨ੍ਹਾਂ ਦੇ ਪਿਓ-ਦਾਦਿਆਂ ਨੇ ਕੀਤੀ ਸੀ (3:13-15)। ਪਰਮੇਸ਼ੁਰ ਨੇ ਫਿਰ, ਭਵਿੱਖਵਾਣੀ ਕਰਦੇ ਹੋਏ ਮੂਸਾ ਨੂੰ ਆਪਣੇ ਲੋਕਾਂ ਨੂੰ ਛੁਟਕਾਰਾ ਦਿਵਾਉਣ ਦੇ ਲਈ ਬੁਲਾਇਆ ਕਿ ਜਦੋਂ ਉਹ ਇਹ ਕਰੇਗਾ ਤਾਂ ਕੀ ਹੋਵੇਗਾ: ਫ਼ਿਰਊਨ ਸੁਣਨ ਤੋਂ ਇਨਕਾਰ ਕਰ ਦੇਵੇਗਾ, ਪਰ ਅੰਤ ਵਿਚ ਪਰਮੇਸ਼ੁਰ ਦੇ ਚਮਤਕਾਰਾਂ ਦੇ ਕਾਰਣ ਰਾਜੀ ਹੋ ਜਾਵੇਗਾ, ਅਤੇ ਆਖਿਰਕਾਰ ਇਸਰਾਏਲੀ, ਮਿਸਰੀਆਂ ਦੇ ਕੋਲੋਂ ਤੋਹਫ਼ੇ ਲੈ ਕੇ ਮਿਸਰ ਨੂੰ ਛੱਡ ਦੇਣਗੇ (3:16-22)।

## ਪਰਮੇਸ਼ੁਰ ਨਾਲ ਮੂਸਾ ਦੀ ਮੁਲਾਕਾਤ (3:1-6)

**1ਮੂਸਾ ਆਪਣੇ ਸੌਹਰੇ ਯਿਥਰੋ ਮਿਦਯਾਨੀ ਪੁਜਾਰੀ ਦੇ ਇੱਜੜ ਨੂੰ ਚਾਰਦਾ ਸੀ। ਉਸ ਨੇ ਇੱਜੜ
ਨੂੰ ਉਜਾੜ ਦੇ ਪਿਛਲੀ ਵੱਲ ਹੱਕ ਦਿੱਤਾ ਅਤੇ ਉਹ ਪਰਮੇਸ਼ੁਰ ਦੇ ਪਹਾੜ ਹੋਰੇਬ ਦੇ ਕੋਲ ਆਇਆ।
2ਤਾਂ ਯਹੋਵਾਹ ਦੇ ਦੂਤ ਨੇ ਇੱਕ ਝਾੜੀ ਵਿੱਚੋਂ ਅੱਗ ਦੀ ਲਾਟ ਵਿੱਚ ਉਸ ਨੂੰ ਦਰਸ਼ਣ ਦਿੱਤਾ। ਜਾਂ
ਉਸ ਨੇ ਡਿੱਠਾ ਤਾਂ ਵੇਖੋ ਉਹ ਝਾੜੀ ਅੱਗ ਵਿੱਚ ਬਲ ਰਹੀ ਸੀ ਪਰ ਭਸਮ ਨਹੀਂ ਹੁੰਦੀ ਸੀ। 3ਤਾਂ
ਮੂਸਾ ਨੇ ਆਖਿਆ, ਮੈਂ ਇੱਕ ਪਾਸੇ ਦੀ ਹੋਕੇ ਜਾਵਾਂਗਾ ਅਰ ਏਸ ਵੱਡੇ ਨਜ਼ਾਰੇ ਨੂੰ ਵੇਖਾਂਗਾ ਕਿ ਕਿਉਂ ਏਹ ਝਾੜੀ
ਨਹੀਂ ਸੜਦੀ। 4ਜਾਂ ਯਹੋਵਾਹ ਨੇ ਵੇਖਿਆ ਕਿ ਉਹ ਵੇਖਣ ਨੂੰ ਇੱਕ ਪਾਸੇ ਨੂੰ ਮੁੜਿਆ ਤਾਂ ਪਰਮੇਸ਼ੁਰ
ਨੇ ਉਸ ਝਾੜੀ ਦੇ ਵਿੱਚੋਂ ਪੁਕਾਰ ਕੇ ਉਸ ਨੂੰ ਆਖਿਆ, ਹੇ ਮੂਸਾ, ਹੇ ਮੂਸਾ! ਤਾਂ ਉਸ ਆਖਿਆ, ਮੈਂ
ਹਾਜ਼ਰ ਹਾਂ। 5ਫੇਰ ਉਸ ਆਖਿਆ, ਐਧਰ ਨੇੜੇ ਨਾ ਆ। ਆਪਣੇ ਪੈਰਾਂ ਤੋਂ ਜੁੱਤੀ ਲਾਹ ਦੇਹ ਕਿਉਂ
ਜੋ ਏਹ ਥਾਂ ਜਿੱਥੇ ਤੂੰ ਖੜਾ ਹੈਂ ਪਵਿੱਤ੍ਰ ਭੂਮੀ ਹੈ। 6ਨਾਲੇ ਉਸ ਆਖਿਆ, ਮੈਂ ਤੇਰੇ ਪਿਤਾ ਦਾ ਪਰਮੇਸ਼ੁਰ
ਹਾਂ, ਅਬਰਾਹਾਮ ਦਾ ਪਰਮੇਸ਼ੁਰ, ਇਸਹਾਕ ਦਾ ਪਰਮੇਸ਼ੁਰ, ਤੇ ਯਾਕੂਬ ਦਾ ਪਰਮੇਸ਼ੁਰ ਹਾਂ। ਮੂਸਾ**

**ਨੇ ਆਪਣਾ ਮੂੰਹ ਢੱਕ ਲਿਆ ਕਿਉਂ ਜੋ ਉਹ ਪਰਮੇਸ਼ੁਰ ਵੱਲ ਵੇਖਣ ਤੋਂ ਡਰਦਾ ਸੀ।**

**ਆਇਤ 1.** ਅਧਿਆਇ 3 ਮਿਦਯਾਨ ਵਿਚ **ਮੂਸਾ** ਦੀ ਸਥਿਤੀ ਦੇ ਵਰਣਨ ਦੇ ਨਾਲ ਸ਼ੁਰੂ ਹੁੰਦਾ ਹੈ। ਉਹ ਇੱਕ ਅਯਾਲੀ ਦੇ ਰੂਪ ਵਿਚ **ਆਪਣੇ ਸੌਹਰੇ** ਦੀ ਸੇਵਾ ਕਰਦਾ ਸੀ। ਇੱਥੇ ਉਸ ਦੇ ਸੌਹਰੇ ਨੂੰ **ਯਿਥਰੋ ਮਿਦਯਾਨੀ ਪੁਜਾਰੀ** ਕਿਹਾ ਗਿਆ ਹੈ; ਯਿਥਰੋ ਨੂੰ "ਰਊਏਲ" ਦੇ ਰੂਪ ਵਿਚ ਵੀ ਦਰਸਾਇਆ ਜਾ ਸਕਦਾ ਹੈ (2:18)। ਮੂਸਾ ਨੇ ਮਿਸਰ ਵਿਚ ਆਪਣੇ ਲੋਕਾਂ ਅਤੇ ਪਰਿਵਾਰ ਨੂੰ ਛੱਡ ਦਿੱਤਾ ਸੀ; ਉਹ ਯਿਥਰੋ ਦੇ ਪਰਿਵਾਰ ਦਾ ਹਿੱਸਾ ਬਣ ਗਿਆ ਸੀ। ਹੋ ਸਕਦਾ ਹੈ ਕਿ ਯਿਥਰੋ ਮੂਸਾ ਦੇ ਲਈ ਇੱਕ ਸੌਹਰੇ ਤੋਂ ਵੱਧ ਕੇ ਇੱਕ ਪਿਤਾ ਦੇ ਸਮਾਨ ਹੋਵੇ।

ਯਿਥਰੋ, ਜਾਂ ਰਊਏਲ, "ਮਿਦਯਾਨ ਦਾ ਪੁਜਾਰੀ" ਸੀ। ਉਹ ਕਿਸ ਅਰਥ ਵਿਚ ਅਤੇ ਕਿਸ ਧਰਮ ਦਾ ਪੁਜਾਰੀ ਸੀ? ਜਦਕਿ ਮੂਲ ਪਾਠ ਨਹੀਂ ਕਹਿੰਦਾ, ਪਰ ਇੱਕ ਸੰਭਾਵਨਾ ਇਹ ਹੈ ਕਿ ਉਹ ਪ੍ਰਭੂ ਦਾ ਇੱਕ ਪੁਜਾਰੀ ਸੀ। ਮਲਕਿ-ਸਿਦਕ ਦੇ ਬਿਰਤਾਂਤ ਦੇ ਨਾਲ ਨਾਲ (ਉਤਪਤ 14:18, 19), ਇਹ ਇੱਕ ਹੋਰ ਪ੍ਰਮਾਣ ਹੋ ਸਕਦਾ ਹੈ ਕਿ ਇਸਰਾਏਲ ਤੋਂ ਬਾਹਰ ਦੇ ਲੋਕ ਵੀ ਇੱਕੋ ਸੱਚੇ ਪਰਮੇਸ਼ੁਰ ਤੇ ਵਿਸ਼ਵਾਸ ਕਰਦੇ ਅਤੇ ਉਸ ਦੀ ਅਰਾਧਨਾ ਕਰਦੇ ਸਨ।[1] ਮਿਦਯਾਨੀ ਲੋਕ ਅਬਰਾਹਾਮ ਦੇ ਘਰਾਣੇ ਵਿਚੋਂ ਸਨ; ਉਨ੍ਹਾਂ ਵਿਚੋਂ ਉਹ ਲੋਕ ਵੀ ਹੋ ਸਕਦੇ ਹਨ ਜੋ ਅਬਰਾਹਾਮ ਦੇ ਵਿਸ਼ਵਾਸ ਵਿਚ ਸਾਂਝੀ ਹੋਏ ਸਨ।

ਕਿਉਂਕਿ ਯਿਥਰੋ ਦੀ ਪਹਿਚਾਣ ਇੱਕ ਪੁਜਾਰੀ ਦੇ ਰੂਪ ਵਿਚ ਕੀਤੀ ਜਾਂਦੀ ਹੈ, ਇਸ ਲਈ ਕੁਝ ਲੋਕ ਇਹ ਮੰਨਦੇ ਹਨ ਕਿ ਮੂਸਾ ਨੇ ਇਸੇ ਵਸੀਲੇ ਦੇ ਨਾਲ ਪਰਮੇਸ਼ੁਰ ਦੇ ਬਾਰੇ ਸਿੱਖਿਆ ਅਤੇ ਪਰਮੇਸ਼ੁਰ ਦੀ ਜਿਸ ਨੂੰ "ਯਹੋਵਾਹ" ਦੇ ਰੂਪ ਵਿਚ ਜਾਣਿਆ ਜਾਂਦਾ ਸੀ ਅਰਾਧਨਾ ਕੀਤੀ ਜਿਸ ਦੀ ਸ਼ੁਰੂਆਤ ਮਿਦਯਾਨੀਆਂ ਤੋਂ ਹੋਈ ਸੀ। ਪਰ, ਮੂਸਾ ਨੂੰ ਮਿਸਰ ਵਿਚਲੇ ਆਪਣੇ ਲੋਕਾਂ ਦੇ ਵਿਚਕਾਰ ਆਪਣਾ ਵਿਸ਼ਵਾਸ ਵਧਾਉਣ ਦਾ ਮੌਕਾ ਮਿਲਿਆ ਸੀ। ਮਿਸਰ ਵਿਚ ਇਸਰਾਏਲੀਆਂ ਨੂੰ ਕਿਸੇ ਹੋਰ ਧਰਮ ਜਾਂ ਕਿਸੇ ਹੋਰ ਦੇਵਤੇ ਤੇ ਵਿਸ਼ਵਾਸ ਕਰਨ ਦੇ ਲਈ ਬਾਈਬਲ ਦੇ ਬਿਰਤਾਂਤ ਦੀ ਸਟੀਕਤਾ ਤੋਂ ਇਨਕਾਰ ਕਰਨਾ ਪਏਗਾ। ਇਸ ਤੋਂ ਇਲਾਵਾ, ਮਿਦਯਾਨੀ ਅਬਰਾਹਾਮ ਦੇ ਘਰਾਣੇ ਵਿਚੋਂ ਸਨ (ਉਤਪਤ 25:1-6), ਉਹ ਕਿਸੇ ਕਿਸਮ ਦੇ ਪੁਜਾਰੀਆਂ ਦੇ ਨਾਲ, ਇੱਕ ਸੱਚੇ ਪਰਮੇਸ਼ੁਰ ਦੇ ਅਰਾਧਕ ਹੋ ਸਕਦੇ ਹਨ - ਹਾਲਾਂਕਿ, ਇਹ ਜ਼ਰੂਰੀ ਨਹੀਂ ਹੈ ਕਿ ਪੁਜਾਰੀਪੁਣਾ ਨੂੰ ਪਰਮੇਸ਼ੁਰ ਦੁਆਰਾ ਅਧਿਕਾਰ ਪ੍ਰਾਪਤ ਹੋਇਆ ਹੋਵੇ। ਸਪੱਸ਼ਟ ਤੌਰ ਤੇ ਇਸਰਾਏਲ ਅਤੇ ਮਿਦਯਾਨ ਦੇ ਧਰਮ ਇੱਕ ਸਾਂਝੇ ਸਰੋਤ: ਅਬਰਾਹਾਮ ਦੇ ਵਿਸ਼ਵਾਸ ਤੋਂ ਸ਼ੁਰੂ ਹੋਏ ਹੋ ਸਕਦੇ ਹਨ।

ਮੂਸਾ ਨੇ **ਇੱਜੜ ਨੂੰ ... ਪਿਛਲੀ ਵੱਲ ਹੱਕ ਦਿੱਤਾ ਅਤੇ ਉਹ ਪਰਮੇਸ਼ੁਰ ਦੇ ਪਹਾੜ ਹੋਰੇਬ ਦੇ ਕੋਲ ਆਇਆ**। ਸਪੱਸ਼ਟ ਤੌਰ ਤੇ, ਇਸ ਪਹਾੜ ਨੂੰ ਹੋਰੇਬ ਅਤੇ ਸੀਨਈ[2] ਦੋਵੇਂ ਕਿਹਾ ਜਾਂਦਾ ਸੀ। ਪਰਮੇਸ਼ੁਰ ਦੀ ਭਵਿੱਖਵਾਣੀ ਇਸ ਗੱਲ ਦੇ ਨਾਲ ਸਪੱਸ਼ਟ ਹੁੰਦੀ ਹੈ ਕਿ ਉਸ ਨੇ ਇਸਰਾਏਲ ਨੂੰ ਉਸੇ ਸਥਾਨ ਤੇ ਪਹੁੰਚਾਇਆ ਸੀ ਜਿੱਥੇ ਮੂਸਾ ਭੇਡਾਂ ਚਾਰਨ ਦੇ ਲਈ ਗਿਆ ਸੀ। ਜੋ ਹੋਣ ਵਾਲਾ ਸੀ ਉਸ ਨੂੰ ਧਿਆਨ ਵਿਚ ਰੱਖਦੇ ਹੋਏ ਇੱਥੇ ਹੋਰੇਬ ਨੂੰ "ਪਰਮੇਸ਼ੁਰ ਦਾ ਪਹਾੜ" ਕਿਹਾ ਜਾਂਦਾ ਹੈ। ਯਹੋਵਾਹ ਇਸੇ ਪਹਾੜ ਤੇ ਮੂਸਾ ਨੂੰ ਦਰਸ਼ਣ ਦੇਵੇਗਾ, ਅਤੇ ਬਾਅਦ ਵਿਚ ਇਸੇ ਪਹਾੜ ਤੇ ਸ਼ਰਾ ਦੇਵੇਗਾ। ਇਸ ਬਿੰਦੂ ਤੇ ਇਸ ਸ਼ਬਦ ਦਾ ਪ੍ਰਯੋਗ ਹੋਣ ਵਾਲੀਆਂ ਘਟਨਾਵਾਂ ਦੀ ਪੂਰਵ ਕਲਪਨਾ[3] ਦੇ ਦ੍ਰਿਸ਼ਟੀਕੋਣ ਨਾਲ ਕੀਤਾ ਜਾ ਸਕਦਾ ਹੈ।

**ਆਇਤਾਂ 2, 3.** ਇਹ ਕਹਾਣੀ ਲਗਾਤਾਰ ਚੱਲਦੀ ਰਹਿੰਦੀ ਹੈ ਜਿਸ ਨੂੰ ਤਕਨੀਕੀ ਰੂਪ ਵਿਚ ਇੱਕ "ਥਿਓਫਨੀ," ਪਰਮੇਸ਼ੁਰ ਦੇ ਇੱਕ ਦਰਸ਼ਣ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਪਰਮੇਸ਼ੁਰ ਨੇ ਇੱਕ **ਝਾੜੀ** ਵਿੱਚ **ਉਸ ਨੂੰ** (ਮੂਸਾ ਨੂੰ) **ਦਰਸ਼ਣ ਦਿੱਤਾ** ਜੋ ਬਲ ਰਹੀ ਸੀ ਪਰ **ਭਸਮ ਨਹੀਂ ਹੁੰਦੀ ਸੀ**। ਪਰਮੇਸ਼ੁਰ ਦੀ ਹਜ਼ੂਰੀ ਪੁਰਾਣੇ ਨੇਮ ਦੇ ਨਬੀਆਂ ਦੀ ਬੁਲਾਹਟ ਦਾ ਇੱਕ ਹਿੱਸਾ ਬਣਨ ਦੇ ਲਈ

ਆਈ ਸੀ (ਯਸਾਯਾਹ 6; ਯਿਰਮਿਯਾਹ 1; ਹਿਜ਼ਕੀਏਲ 1)। ਮੂਸਾ ਦੀ ਬੁਲਾਹਟ ਹੋਰਨਾਂ ਕਹਾਣੀਆਂ ਦੇ ਨਾਲ ਮਿਲਦੀ-ਜੁਲਦੀ ਹੈ, ਜਿਵੇਂ, ਗਿਦਾਊਨ ਦੀ ਬੁਲਾਹਟ (ਨਿਆਈਆਂ 6:11-24) ਅਤੇ ਯਿਰਮਿਯਾਹ ਦੀ ਬੁਲਾਹਟ (ਯਿਰਮਿਯਾਹ 1:4-9)। ਅਸਲ ਵਿਚ, ਇਹ, ਬਾਅਦ ਦੇ ਨਬੀਆਂ[4] ਦੀ ਬੁਲਾਹਟ ਦੇ ਲਈ ਇੱਕ ਨਮੂਨਾ ਬਣ ਗਿਆ ਸੀ।

**ਯਹੋਵਾਹ ਦਾ ਦੂਤ** ਜੋ ਮੂਸਾ ਤੇ ਪਰਗਟ ਹੋਇਆ ਸੀ ਉਹ ਵਿਸ਼ੇਸ਼ ਟਿੱਪਣੀ ਦਾ ਕਾਰਣ ਹੈ। ਪੁਰਾਣੇ ਨੇਮ ਵਿਚ ਕਈ ਵਾਰ ਉਸ ਦਾ ਉਲੇਖ ਕੀਤਾ ਗਿਆ ਹੈ। ਇੱਥੇ ਉਹ ਖੁਦ ਪਰਮੇਸ਼ੁਰ ਹੈ; 6 ਵੀਂ ਆਇਤ ਦੇ ਅਨੁਸਾਰ ਸਵਰਗਦੂਤ ਨੇ ਕਿਹਾ, "ਮੈਂ ਤੇਰੇ ਪਿਤਾ ਦਾ ਪਰਮੇਸ਼ੁਰ ਹਾਂ, ਅਬਰਾਹਾਮ ਦਾ ਪਰਮੇਸ਼ੁਰ ... ।" ਇੱਕ ਸਰੋਤ ਦੱਸਦਾ ਹੈ ਕਿ ਇਸ ਹਵਾਲੇ ਵਿਚ "ਯਹੋਵਾਹ ਦਾ ਦੂਤ ਸਵਰਗ ਵਿਚ ਪਰਮੇਸ਼ੁਰ ਦੇ ਅਧੀਨ ਨਹੀਂ ਹੈ ਪਰ ਸੰਸਾਰਿਕ ਪਰਗਟੀਕਰਣ ਵਿਚ ਪ੍ਰਭੂ (ਯਹੋਵਾਹ) ਦੇ ਅਧੀਨ ਹੈ।"[5]

ਬਲਦੀ ਹੋਈ ਝਾੜੀ ਕੂਚ ਦੀ ਕਿਤਾਬ ਨਾਲ ਸੰਬੰਧਤ ਚਮਤਕਾਰਾਂ ਵਿਚੋਂ ਪਹਿਲਾ ਹੈ। ਪੁਰਾਣੇ ਨੇਮ ਦੇ ਇਤਿਹਾਸ ਵਿਚ ਚਮਤਕਾਰ ਆਮ ਨਹੀਂ ਹੁੰਦੇ ਸਨ। ਉਹ ਇਸਰਾਏਲੀਆਂ ਦੇ ਇਤਿਹਾਸ ਦੇ ਕੁੱਝ ਬਿੰਦੂਆਂ ਤੇ "ਇਕੱਠੇ ਹੋਏ" ਪਏ ਹਨ: ਉਦਾਹਰਣ ਦੇ ਤੌਰ ਤੇ ਕੂਚ ਦੇ ਸਮੇਂ ਅਤੇ ਕਨਾਨ ਦੀ ਜਿੱਤ ਦੇ ਸਮੇਂ, ਅਤੇ ਏਲੀਯਾਹ ਅਤੇ ਅਲੀਸ਼ਾ ਨਬੀਆਂ ਦੀਆਂ ਸੇਵਕਾਈਆਂ ਦੇ ਦੌਰਾਨ। ਇਸਰਾਏਲ ਦੇ ਲਈ ਮੁਸੀਬਤ ਦੇ ਸਮੇਂ ਚਮਤਕਾਰ ਹੋਏ - ਉਨ੍ਹਾਂ ਸਮਿਆਂ ਤੇ ਜਦੋਂ ਰਾਸ਼ਟਰ ਦੀ ਹੋਂਦ ਨੂੰ ਖਤਰਾ ਸੀ। ਇਸ ਚਮਤਕਾਰ ਦਾ ਕੇਂਦਰ ਬਿੰਦੂ, ਝਾੜੀ ਵਿਚ ਬਲਣ ਵਾਲੀ ਅੱਗ ਸੀ ਜੋ ਬਲ ਤਾਂ ਰਹੀ ਸੀ ਪਰ ਇਸ ਨੂੰ ਭਸਮ ਨਹੀਂ ਕੀਤਾ, ਸ਼ਾਇਦ ਇਹ ਪਰਮੇਸ਼ੁਰ ਦਾ ਪ੍ਰਤੀਕ ਜਾਂ ਉਸ ਦੀ ਹਜ਼ੂਰੀ ਦਾ ਪ੍ਰਗਟੀਕਰਣ ਸੀ, ਕਿਉਂਕਿ ਪਰਮੇਸ਼ੁਰ ਦੀ ਹਜ਼ੂਰੀ ਨੂੰ ਅਕਸਰ ਅੱਗ[6] ਦੇ ਨਾਲ ਦਰਸਾਇਆ ਜਾਂਦਾ ਹੈ।

**ਆਇਤ 4.** ਬਲਦੀ ਝਾੜੀ ਵਿਚੋਂ, **ਪਰਮੇਸ਼ੁਰ ਨੇ ... ਪੁਕਾਰ ਕੇ ਉਸ ਨੂੰ ਆਖਿਆ, ਹੇ ਮੂਸਾ, ਹੇ ਮੂਸਾ!** ਮੂਸਾ ਦੇ ਨਾਮ ਨੂੰ ਇੱਕ ਦੀ ਬਜਾਇ ਦੋ ਵਾਰ ਬੁਲਾਉਣਾ ਸਮੇਂ ਦੇ ਅਤੇ ਸੰਮਨ ਦੇ ਮਹੱਤਵ ਦਾ ਸੰਕੇਤ ਦਿੰਦਾ ਹੈ। ਮੂਸਾ ਨੇ ਉੱਤਰ ਦਿੱਤਾ, **ਮੈਂ ਹਾਜ਼ਰ ਹਾਂ ਜੋ ਉਸ ਦੀ ਇੱਛਾ ਨੂੰ ਪਰਗਟ ਕਰਦਾ ਹੈ ਕਿ** ਪਰਮੇਸ਼ੁਰ ਦੀ ਗੱਲ ਸੁਣਨਾ ਚਾਹੁੰਦਾ ਸੀ। ਮੂਸਾ ਦੀ ਸਾਕਾਰਾਤਮਕ ਪ੍ਰਤਿਕਿਰਿਆ ਦਾ ਮਾਣ ਉਸੇ ਨੂੰ ਜਾਂਦਾ ਹੈ। ਇਹ ਪਰਮੇਸ਼ੁਰ ਦੁਆਰਾ ਪੁਕਾਰੇ ਜਾਣ ਦੇ ਸਮੇਂ ਅਬਰਾਹਾਮ ਦੇ ਦੁਆਰਾ ਦਿੱਤੇ ਗਏ ਪਹਿਲੇ ਉੱਤਰ (ਉਤਪਤ 22:1) ਅਤੇ ਉਸ ਦੇ ਦੁਆਰਾ ਬੁਲਾਏ ਜਾਣ ਤੇ ਬਾਅਦ ਦੇ ਉੱਤਰਾਂ, ਜਿਵੇਂ ਸਮੂਏਲ ਦੁਆਰਾ ਦਿੱਤੇ ਗਏ ਉੱਤਰਾਂ (1 ਸਮੂਏਲ 3:4-8) ਅਤੇ ਯਸਾਯਾਹ (ਯਸਾਯਾਹ 6:8) ਦੁਆਰਾ ਦਿੱਤੇ ਗਏ ਉੱਤਰਾਂ ਦੇ ਸਮਾਨ ਹੈ।

**ਆਇਤ 5.** ਪਰਮੇਸ਼ੁਰ ਨੇ ਅੱਗੇ ਕਿਹਾ ਕਿ ਇਹ ਸਥਾਨ **ਪਵਿੱਤ੍ਰ ਭੂਮੀ** ਸੀ। ਇਹ ਪ੍ਰਭੂ ਦੇ ਲਈ ਕਿਸੇ ਪੂਰਵ ਮਸਹ ਦੇ ਕਾਰਣ "ਪਵਿੱਤ੍ਰ ਭੂਮੀ" ਨਹੀਂ ਸੀ; ਪਰ ਇਹ ਇਸ ਲਈ ਪਵਿੱਤਰ ਸੀ ਕਿਉਂਕਿ ਇਹ ਉਹ ਸਥਾਨ ਸੀ ਜਿੱਥੇ ਪ੍ਰਭੂ ਪਰਗਟ ਹੋਇਆ ਸੀ। ਇੱਕ ਅਰਥ ਵਿਚ, ਪਰਮੇਸ਼ੁਰ ਨੇ ਪਵਿੱਤਰਤਾ ਨੂੰ ਭੂਮੀ ਤੇ ਸਥਾਂਤਰਿਤ ਕੀਤਾ - ਉਹ ਪਵਿੱਤਰਤਾ ਜੋ ਉਸ ਦੇ ਉੱਥੋਂ ਚਲੇ ਜਾਣ ਤੋਂ ਬਾਅਦ ਉਸ ਸਥਾਨ ਦੇ ਨਾਲ ਜੁੜੀ ਨਹੀਂ ਰਹੀ। ਪਰਮੇਸ਼ੁਰ ਦੁਆਰਾ ਮੂਸਾ ਨੂੰ ਦਿੱਤੇ ਗਏ ਹੁਕਮ ਵਿਚ ਕਿ **ਪੈਰਾਂ ਤੋਂ ਜੁੱਤੀ ਲਾਹ ਦੇਹ** ਉਸ ਸਥਾਨ ਦੀ ਪਵਿੱਤਰਤਾ ਤੇ ਜ਼ੋਰ ਦਿੱਤਾ ਗਿਆ ਹੈ। ਇੱਕ ਪਵਿੱਤਰ ਸਥਾਨ ਤੇ ਪ੍ਰਵੇਸ਼ ਕਰਨ ਤੋਂ ਪਹਿਲਾਂ ਕਿਸੇ ਦਾ ਜੁੱਤੀ ਲਾਹੁਣਾ ਇੱਕ ਪ੍ਰਾਚੀਨ ਰਿਵਾਜ਼ ਸੀ (ਵੇਖੋ ਯਹੋਸ਼ੁਆ 5:15)।[7]

**ਆਇਤ 6.** ਪਰਮੇਸ਼ੁਰ ਨੇ ਇਹ ਕਹਿੰਦੇ ਹੋਏ ਮੂਸਾ ਨੂੰ ਆਪਣੀ ਪਹਿਚਾਣ ਕਰਵਾਈ ਕਿ ਉਹ ਉਹੀ ਪਰਮੇਸ਼ੁਰ ਸੀ ਜਿਸ ਦੀ ਬੰਦਗੀ ਉਸ ਦੇ ਪਿਤਾਪੁਰਖਾਂ, **ਅਬਰਾਹਾਮ, ਇਸਹਾਕ,** ਅਤੇ **ਯਾਕੂਬ**

ਨੇ ਕੀਤੀ ਸੀ। ਇਹ ਜ਼ੋਰ ਦੇ ਕੇ ਕਹਿੰਦਾ ਹੈ ਕਿ ਕੂਚ ਦੀ ਪੁਸਤਕ ਦਾ ਬਿਰਤਾਂਤ ਉਤਪਤ ਦੀ ਪੁਸਤਕ ਵਿਚ ਪਾਏ ਜਾਣ ਵਾਲੇ ਬਿਰਤਾਂਤ ਦੀ ਇੱਕ ਨਿਰੰਤਰਤਾ ਹੈ।

ਜਦੋਂ ਪਰਮੇਸ਼ੁਰ ਨੇ ਆਪਣੇ ਆਪ ਨੂੰ ਪੇਸ਼ ਕੀਤਾ, ਤਾਂ ਉਸ ਨੇ ਕਿਹਾ, **ਮੈਂ ਹਾਂ**, ਜੋ ਕਿ ਇੱਕ ਸਧਾਰਣ ਤਰੀਕਾ ਹੈ ਜਿਸ ਦੇ ਦੁਆਰਾ ਉਹ ਆਪਣੇ ਲੋਕਾਂ ਦੇ ਨਾਲ ਗੱਲਬਾਤ ਸ਼ੁਰੂ ਕਰਦਾ ਹੈ। ਉਦਾਹਰਣ ਦੇ ਤੌਰ ਤੇ, ਉਸ ਨੇ ਕਿਹਾ, "ਮੈਂ ਯਹੋਵਾਹ ਹਾਂ ਜੋ ਤੈਨੂੰ ਕਸਦੀਆਂ ਦੇ ਊਰ ਤੋਂ ਕੱਢ ਲੈ ਆਇਆ ਹਾਂ" (ਉਤਪਤ 15:7); "ਮੈਂ ਸਰਬਸ਼ਕਤੀਮਾਨ ਪਰਮੇਸ਼ੁਰ ਹਾਂ [אֵל שַׁדַּי, *ਐਲਸ਼ਾਦਾਈ]"* (ਉਤਪਤ 35:11); "ਮੈਂ ਤੇਰੇ ਪਿਤਾ ਅਬਰਾਹਾਮ ਦਾ ਪਰਮੇਸ਼ੁਰ ਹਾਂ" (ਉਤਪਤ 26:24); "ਮੈਂ ਯਹੋਵਾਹ ਤੇਰੇ ਪਿਤਾ ਅਬਰਾਹਾਮ ਦਾ ਪਰਮੇਸ਼ੁਰ ਹਾਂ ਅਰ ਇਸਹਾਕ ਦਾ ਪਰਮੇਸ਼ੁਰ ਹਾਂ" (ਉਤਪਤ 28:13)। ਪੁਰਾਣੇ ਨੇਮ ਵਿਚ, ਪਰਮੇਸ਼ੁਰ ਨੇ ਅਕਸਰ ਆਪਣੇ ਆਪ ਨੂੰ "ਤੁਹਾਡੇ ਪੁਰਖਿਆਂ ਦਾ ਪਰਮੇਸ਼ੁਰ" ਜਾਂ "ਅਬਰਾਹਾਮ [ਅਤੇ/ਜਾਂ ਇਸਹਾਕ ਅਤੇ/ਜਾਂ ਯਾਕੂਬ] ਦਾ ਪਰਮੇਸ਼ੁਰ ਹਾਂ," ਪਰ ਉਸ ਨੇ ਕਦੀ ਅਬਰਾਹਾਮ ਨੂੰ ਇਹ ਨਹੀਂ ਕਿਹਾ ਕਿ ਉਹ ਅਬਰਾਹਾਮ ਦੇ ਪੁਰਖਿਆਂ ਦਾ ਪਰਮੇਸ਼ੁਰ ਸੀ। ਇਸ ਲਈ ਨਹੂਮ ਐਮ. ਸਰਨਾ ਨੇ ਕਿਹਾ ਕਿ ਅਬਰਾਹਾਮ ਅਤੇ ਉਸ ਤੋਂ ਪਹਿਲਾਂ ਆਉਣ ਵਾਲਿਆਂ ਦੇ ਵਿਚਕਾਰ ਇੱਕ ਖਾਸ ਵਿਰਾਮ ਸੀ।[8]

**ਮੂਸਾ** ਨੇ ਆਪਣੇ ਮੂੰਹ ਨੂੰ ਢੱਕ (ਦਿਆਂ) ਹੋਇਆਂ ਪਰਮੇਸ਼ੁਰ ਦੀ ਹਜ਼ੂਰੀ ਤੇ ਪ੍ਰਤਿਕਿਰਿਆ ਕੀਤੀ, **ਕਿਉਂ ਜੋ ਉਹ ਪਰਮੇਸ਼ੁਰ ਵੱਲ ਵੇਖਣ ਤੋਂ ਡਰਦਾ ਸੀ।** ਸਰਨਾ ਨੇ ਸਮਝਾਇਆ, "ਬਾਈਬਲ ਵਿਚ, ਆਮ ਤੌਰ ਤੇ ਪਰਮੇਸ਼ੁਰ ਦੇ ਨਾਲ ਮੁਲਾਕਾਤ" ਘਾਤ ਅਤੇ ਖੌਫ਼ ਪੈਦਾ ਕਰਦਾ ਹੈ।[9] ਵਚਨ ਪਰਮੇਸ਼ੁਰ ਦੇ ਮੂੰਹ ਨੂੰ ਵੇਖਣ ਦੇ ਖਤਰੇ ਬਾਰੇ ਕਈ ਉਦਾਹਰਣਾਂ ਦਿੰਦਾ ਹੈ (ਵੇਖੋ ਉਤਪਤ 32:25, 31; ਕੂਚ 33:20; ਨਿਆਈਆਂ 6:22, 23; 13:22)। ਇੱਕ ਪਰਮ ਪਵਿੱਤਰ ਅਤੇ ਸ਼ਕਤੀਮਾਨ ਵਿਅਕਤੀ ਦੀ ਮੌਜੂਦਗੀ ਵਿਚ ਖੜੇ ਹੋਣ ਦੇ ਖਤਰੇ ਤੋਂ ਇਲਾਵਾ, ਜੋ ਵਿਅਕਤੀ ਪਰਮੇਸ਼ੁਰ ਦੀ ਹਜ਼ੂਰੀ ਵਿਚ ਆਉਂਦਾ ਹੈ ਉਸ ਨੂੰ ਮਦਦ ਨਹੀਂ ਮਿਲਦੀ ਸਗੋਂ ਉਹ ਆਪਣੇ ਆਪ ਦੇ ਤੁੱਛਪੁਣੇ ਅਤੇ ਅਯੋਗਤਾ ਨੂੰ ਮਹਿਸੂਸ ਕਰ ਸਕਦਾ ਹੈ। ਇਸ ਲਈ, ਪ੍ਰਭੂ ਦੀ ਹਜ਼ੂਰੀ ਦੇ ਪ੍ਰਤਿ ਆਮ ਅਤੇ ਯੋਗ ਪ੍ਰਤਿਕਿਰਿਆ ਨਿਮਰਤਾ ਅਤੇ ਪਛਚਾਤਾਪ ਹੈ। ਇਸ ਸੁਭਾਅ ਨੂੰ ਯਸਾਯਾਹ ਦੇ ਦੁਆਰਾ ਪਰਮੇਸ਼ੁਰ ਦੇ ਨਾਲ ਉਸ ਦੀ ਮੁਲਾਕਾਤ ਦੇ ਸਮੇਂ ਸਮਝਾਇਆ ਗਿਆ ਸੀ (ਯਸਾਯਾਹ 6:5)।

## ਪਰਮੇਸ਼ੁਰ ਦੇ ਉਦੇਸ਼ (3:7-9)

**7ਯਹੋਵਾਹ ਨੇ ਆਖਿਆ, ਮੈਂ ਆਪਣੀ ਪਰਜਾ ਦੀ ਮੁਸੀਬਤ ਨੂੰ ਜਿਹੜੀ ਮਿਸਰ ਵਿੱਚ ਹੈ ਸੱਚ ਮੁੱਚ ਵੇਖਿਆ ਹੈ ਅਰ ਉਨ੍ਹਾਂ ਦੀ ਦੁਹਾਈ ਜੋ ਉਨ੍ਹਾਂ ਤੋਂ ਬੇਗਾਰ ਕਰਾਉਣ ਵਾਲਿਆਂ ਦੇ ਕਾਰਨ ਹੈ ਸੁਣੀ ਕਿਉਂ ਜੋ ਮੈਂ ਉਨ੍ਹਾਂ ਦੇ ਦੁੱਖਾਂ ਨੂੰ ਜਾਣਦਾ ਹਾਂ। 8ਅਤੇ ਮੈਂ ਉੱਤਰਿਆ ਹਾਂ ਤਾਂ ਜੋ ਉਨ੍ਹਾਂ ਨੂੰ ਮਿਸਰੀਆਂ ਦੇ ਹੱਥੋਂ ਛੁਡਾਵਾਂ ਅਤੇ ਉਸ ਧਰਤੀ ਵਿੱਚੋਂ ਕੱਢ ਕੇ ਅੱਛੀ ਅਤੇ ਮੋਕਲੀ ਧਰਤੀ ਵਿੱਚ ਜਿੱਥੇ ਦੁੱਧ ਅਰ ਸ਼ਹਿਤ ਵੱਗਦਾ ਹੈ ਅਰਥਾਤ ਕਨਾਨੀਆਂ ਹਿੱਤੀਆਂ ਅਮੋਰੀਆਂ ਫਰਿੱਜੀਆਂ ਹਿੱਵੀਆਂ ਅਰ ਯਬੂਸੀਆਂ ਦੀ ਥਾਂ ਵਿੱਚ ਉਤਾਹਾਂ ਲਿਆਵਾਂ। 9ਸੋ ਹੁਣ ਵੇਖ ਇਸਰਾਏਲੀਆਂ ਦੀ ਦੁਹਾਈ ਮੇਰੇ ਤੀਕ ਅੱਪੜੀ ਅਤੇ ਮੈਂ ਉਸ ਅਨ੍ਹੇਰ ਨੂੰ ਵੀ ਜੋ ਮਿਸਰੀ ਉਨ੍ਹਾਂ ਉੱਤੇ ਕਰਦੇ ਹਨ ਡਿੱਠਾ ਹੈ।**

**ਆਇਤਾਂ 7, 8.** ਜਦੋਂ ਪਰਮੇਸ਼ੁਰ ਨੇ ਇਸਰਾਏਲੀਆਂ ਨੂੰ **ਮਿਸਰ** ਤੋਂ ਬਾਹਰ ਲਿਆਉਣ ਲਈ ਮੂਸਾ ਨੂੰ ਨਿਯੁਕਤ ਕੀਤਾ ਸੀ ਤਾਂ ਉਸ ਨੇ ਆਪਣੇ ਇਰਾਦਿਆਂ ਨੂੰ ਨਿਰਧਾਰਤ ਕੀਤਾ ਸੀ। ਜਦੋਂ ਉਸ ਨੇ ਆਪਣੇ ਲੋਕਾਂ ਨੂੰ ਛੁਟਕਾਰਾ ਦੇਣ ਦੇ ਲਈ ਆਪਣੀ ਯੋਜਨਾ ਨੂੰ ਲਾਗੂ ਕਰਨਾ ਸ਼ੁਰੂ ਕੀਤਾ ਤਾਂ ਦੋ ਵਿਚਾਰ ਸਪੱਸ਼ਟ ਤੌਰ ਤੇ ਉਸ ਨੂੰ ਪ੍ਰੇਰਿਤ ਕਰਦੇ ਹਨ। ਇੱਕ ਆਪਣੇ ਦੁਖੀ ਲੋਕਾਂ ਦੇ ਪ੍ਰਤਿ

ਉਸ ਦਾ ਤਰਸ ਸੀ। ਉਸ ਨੇ ਕਿਹਾ, **"ਮੈਂ ਆਪਣੀ ਪਰਜਾ ਦੀ ਮੁਸੀਬਤ ਨੂੰ ਜਿਹੜੀ ਮਿਸਰ ਵਿੱਚ ਹੈ ਸੱਚ ਮੁੱਚ ਵੇਖਿਆ ਹੈ।"** ਦੂਜਾ ਵਿਚਾਰ ਆਪਣੇ ਲੋਕਾਂ ਨੂੰ ਮਿਸਰ ਦੇਸ ਤੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਕਨਾਨ ਦੇਸ ਵਿਚ ਲਿਆਉਣ ਦੇ ਉਸ ਦੀ ਸਭ ਤੋਂ ਪੁਰਾਣੀ ਯੋਜਨਾ ਸੀ (ਉਤਪਤ 15:13-16; 46:1-4; 48:21; 50:24, 25)। ਸਿੱਟੇ ਵਜੋਂ, ਪਰਮੇਸ਼ੁਰ ਚਾਹੁੰਦਾ ਸੀ ਕਿ **ਉਨ੍ਹਾਂ ਨੂੰ** [ਇਸਰਾਏਲ] ਨੂੰ **ਮਿਸਰੀਆਂ ਦੇ ਹੱਥੋਂ ਛੁਡਾ** [ਵੇ] **ਅਤੇ ਧਰਤੀ ਵਿੱਚ ਜਿੱਥੇ ਦੁੱਧ ਅਰ ਸ਼ਹਿਤ ਵੱਗਦਾ ਹੈ ... ਲਿਆਵਾਂ** [ਵੇ]।

ਵਾਕ "ਦੁੱਧ ਅਰ ਸ਼ਹਿਤ ਵੱਗਦਾ ਹੈ" ਦਾ ਉਪਯੋਗ ਧਰਤੀ ਦੀ ਅਮੀਰੀ ਦਾ ਸੁਝਾਅ ਦੇਣ ਦੇ ਲਈ ਕੀਤਾ ਜਾਂਦਾ ਸੀ; ਇਹ "ਉਹ ਭੋਜਨ ਸਨ ਜਿਨ੍ਹਾਂ ਨੇ ਅਰਧ-ਟੱਪਰੀਵਾਸੀ ਲੋਕਾਂ ਦੀ ਨਜ਼ਰ ਵਿਚ ਇਸ ਨੂੰ ਫਿਰਦੌਸ ਬਣਾ ਦਿੱਤਾ ਸੀ।"[10] ਸਰਨਾ ਨੇ ਕਿਹਾ ਕਿ ਇਹ ਪਰਗਟਾਵਾ ਲਗਭਗ ਵੀਹ ਵਾਰ ਪਾਇਆ ਜਾਂਦਾ ਹੈ ਅਤੇ ਭੂਮੀ ਦੀ ਉਪਜਾਊ ਸ਼ਕਤੀ ਦਾ ਸੁਝਾਅ ਦਿੰਦਾ ਹੈ; ਅਰਥਾਤ, ਉਸ ਨੇ ਜ਼ੋਰ ਦੇ ਕੇ ਕਿਹਾ "ਉਪਜਾਊਪੁਣੇ ਦਾ ਰੂਪਕ।"[11] ਉਸ ਨੇ ਵਿਚਾਰ ਪੇਸ਼ ਕੀਤਾ ਕਿ "ਸ਼ਹਿਤ" (שְׁבָר, *ਡੈਬਾਸ਼*) "ਸ਼ਹਿਤ ਦੀਆਂ ਮੱਖੀਆਂ ਦੇ ਸ਼ਹਿਤ" ਨੂੰ ਨਹੀਂ ਦਰਸਾਉਂਦਾ ਹੈ ਪਰ "ਇਹ ਉਸ ਮਿੱਠੇ ਸ਼ਰਬਤ ਨੂੰ ਨੂੰ ਦਰਸਾਉਂਦਾ ਹੈ ਜੋ ਅੰਗੂਰਾਂ ਅਤੇ ਵਿਸ਼ੇਸ਼ ਤੌਰ ਤੇ ਖਜ਼ੂਰਾਂ ਦੇ ਰਸ ਤੋਂ ਬਣਦਾ ਹੈ।"[12] ਦੂਜੇ ਟਿੱਪਣੀਕਾਰ ਕਹਿੰਦੇ ਹਨ ਕਿ "ਸ਼ਹਿਤ" ਅਸਲ ਵਿਚ ਸ਼ਹਿਤ ਦੀਆਂ ਮੱਖੀਆਂ ਦਾ ਸ਼ਹਿਤ ਹੈ।[13] ਕਈ ਪ੍ਰਸੰਗਾਂ ਵਿਚ *ਡੈਬਾਸ਼* ਸਿਰਫ ਸ਼ਹਿਤ ਦੀਆਂ ਮੱਖੀਆਂ ਦੇ ਸ਼ਹਿਤ ਨੂੰ ਹੀ ਦਰਸਾ ਸਕਦਾ ਹੈ (ਨਿਆਈਆਂ 14:8; 1 ਸਮੂਏਲ 14:27; ਜ਼ਬੂਰਾਂ ਦੀ ਪੋਥੀ 19:10; ਕਹਾਉਤਾਂ 16:24; ਸਰੇਸ਼ਟ ਗੀਤ 4:11; 5:1)।

ਉਸ ਧਰਤੀ ਨੂੰ ਛੇ ਜਾਤੀਆਂ ਦੇ ਘਰ ਦੇ ਤੌਰ ਤੇ ਜਾਣਿਆ ਜਾਂਦਾ ਹੈ: **ਕਨਾਨੀਆਂ ਹਿੱਤੀਆਂ ਅਮੋਰੀਆਂ ਫਰਿੱਜੀਆਂ ਹਿੱਵੀਆਂ** ਅਤੇ **ਯਬੂਸੀਆਂ।** ਕਨਾਨ ਦੇ ਬਾਰੇ ਚੰਗੀ ਖ਼ਬਰ ਇਹ ਸੀ ਕਿ ਕਨਾਨ ਇੱਕ ਫਲਦਾਇਕ ਭੂਮੀ ਸੀ; ਪਰ ਬੁਰੀ ਖ਼ਬਰ ਇਹ ਸੀ ਕਿ ਉਹ ਦੇਸ ਪੂਰੀ ਤਰ੍ਹਾਂ ਨਾਲ ਆਬਾਦ ਸੀ, ਜਿਸ ਦਾ ਅਰਥ ਇਹ ਸੀ ਕਿ ਜਦੋਂ ਪਰਮੇਸ਼ੁਰ ਇਸਰਾਏਲੀਆਂ ਨੂੰ ਕਨਾਨ ਵਿਚ ਲੈ ਕੇ ਆਵੇਗਾ ਤਾਂ ਉਨ੍ਹਾਂ ਨੂੰ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਉਨ੍ਹਾਂ ਲੋਕਾਂ ਦੇ ਨਾਲ ਨਜਿੱਠਣਾ ਪਵੇਗਾ। ਸਰਨਾ ਨੇ ਕਨਾਨ ਵਿਚ "ਨਸਲੀ ਗੁੰਝਲਤਾ" ਤੇ ਟਿੱਪਣੀ ਕੀਤੀ, ਜਿਸ ਦਾ ਸਬੂਤ ਕੂਚ ਵਿਚ ਵਰਣਨ ਕੀਤੀਆਂ ਗਈਆਂ ਜਾਤੀਆਂ ਦੀ ਸੰਖਿਆ ਤੋਂ ਹੀ ਨਹੀਂ, ਪਰ ਇਸ ਤੱਥ ਤੋਂ ਵੀ ਮਿਲਦਾ ਹੈ ਕਿ ਯਹੋਸ਼ੁਆ ਨੇ ਇਕੱਤੀ ਸ਼ਾਹੀ ਸ਼ਹਿਰਾਂ ਨੂੰ ਜਿੱਤ ਲਿਆ ਸੀ (ਯਹੋਸ਼ੁਆ 12)। ਇਹ ਜਟਿਲਤਾ, ਕੁੱਝ ਹੱਦ ਤਕ, ਫਲਿਸਤੀਨ ਦੀਆਂ ਭੂਗੋਲਿਕ ਵਿਸ਼ੇਸ਼ਤਾਵਾਂ ਦੇ ਕਾਰਣ ਸੀ। ਮੂਸਾ ਉੱਤੇ ਪਰਮੇਸ਼ੁਰ ਦੇ ਪਰਗਟ ਹੋਣ ਦੇ ਬਿਰਤਾਂਤ ਵਿਚ ਜਾਤੀਆਂ ਦੀ ਸੂਚੀ ਨੂੰ ਸ਼ਾਮਲ ਕਰਨ ਦਾ "ਅਰਥ ਹੈ ਕਿ ਇਸਰਾਏਲ ਦੇ ਲੋਕਾਂ ਨੂੰ ਇਨ੍ਹਾਂ ਸਾਰੀਆਂ ਸ਼ਕਤੀਸ਼ਾਲੀ ਵਿਨਾਸਕਾਰੀ ਸ਼ਕਤੀਆਂ ਨੂੰ ਦੂਰ ਕਰਨ ਅਤੇ ਜਿੱਤਣ ਦੇ ਲਈ ਨਿਯੁਕਤ ਕੀਤਾ ਗਿਆ [ਸੀ] ਜਿਨ੍ਹਾਂ ... ਇਸ ਧਰਤੀ ਨੂੰ ਕਈ ਵੱਖ ਵੱਖ ਜਾਤੀਆਂ ਦਾ ਘਰ ਬਣਾ ਦਿੱਤਾ ਸੀ।"[14]

3:17 ਅਤੇ ਨਿਆਈਆਂ 3:5 ਵਿਚ ਕਨਾਨ ਦੇ ਨਿਵਾਸੀਆਂ ਦੇ ਨਾਮ ਇੱਕੋ ਕ੍ਰਮ ਵਿਚ ਮਿਲਦੇ ਹਨ। ਹਾਲਾਂਕਿ ਇਹੋ ਨਾਮ, 23:23, 33:2, 34:11, ਅਤੇ ਯਹੋਸ਼ੁਆ 12:8 ਵਿਚ, ਇੱਕ ਵੱਖਰੇ ਕ੍ਰਮ ਵਿਚ ਪਾਏ ਜਾਂਦੇ ਹਨ। ਗਿਣਤੀ 13:29 ਦੇ ਅਨੁਸਾਰ, ਅਮਾਲੇਕੀ ਲੋਕ ਨੇਗੇਵ ਵਿਚ ਰਹਿੰਦੇ ਹਨ, ਜੋ ਦੱਖਣ ਵਿਚ ਸੀ; ਹਿੱਤੀ, ਯਬੂਸੀ, ਅਤੇ ਅਮੋਰੀ ਪਹਾੜ ਪ੍ਰਦੇਸ ਵਿਚ ਰਹਿੰਦੇ ਸਨ, ਅਤੇ ਕਨਾਨੀ ਲੋਕ ਸਮੁੰਦਰ ਕੋਲ ਯਰਦਨ ਦੇ ਆਲੇ ਦੁਆਲੇ ਵੱਸਦੇ ਸਨ। ਆਰ. ਐਲਨ ਕੋਲ ਨੇ ਕਿਹਾ ਕਿ ਬਿਵਸਥਾ ਸਾਰ 7:1 ਵਿਚ ਸੱਤਾਂ ਜਾਤੀਆਂ ਦੀ ਸੂਚੀ ਦਿੱਤੀ ਗਈ ਹੈ, ਜਦਕਿ ਉਤਪਤ 15:19-21 ਵਿਚ ਦਸਾਂ ਜਾਤੀਆਂ ਦੀ ਸੂਚੀ ਦਿੱਤੀ ਗਈ ਹੈ।[15] ਇਹ ਕਹਿਣ ਤੋਂ ਬਾਅਦ ਕਿ ਇਸ ਗੱਲ ਦਾ

ਕੋਈ ਸਬੂਤ ਨਹੀਂ ਹੈ ਕਿ ਇਹ ਜਾਤੀਆਂ "ਆਮ ਇਤਹਾਸਕ ਪਰੰਪਰਾਵਾਂ" ਵਿਚ ਸ਼ਾਮਲ ਸਨ, ਉਸ ਨੇ ਕੂਚ 3:8 ਵਿਚਲੀਆਂ ਛੇਆਂ ਜਾਤੀਆਂ ਦਾ ਵਰਣਨ ਹੇਠ ਲਿਖੇ ਅਨੁਸਾਰ ਕੀਤਾ:

> *ਕਨਾਨੀ* ਉਹ ਸ਼ਬਦ ਹੈ ਜਿਸ ਦਾ ਇਸਤੇਮਾਲ ਲੰਮੇ ਸਮੇਂ ਬਾਅਦ ਹੁਣ ਵੀ ਫਨੀਸ਼ੀਅਨ ਲੋਕ ਆਪਣੇ ਆਪ ਦਾ ਵਰਣਨ ਕਰਨ ਦੇ ਲਈ ਕਰਦੇ ਹਨ; ਇਸ ਦਾ ਅਰਥ "ਵਪਾਰੀ" ਹੋ ਸਕਦਾ ਹੈ। *ਹਿੱਤੀਆਂ* ਦਾ ਅਰਥ ਪੁਰਾਣੇ ਹਿੱਤੀ ਸਾਮਰਾਜ ਦੇ ਪ੍ਰਵਾਸੀ ਸਮੂਹਾਂ ਤੋਂ ਹੈ ... (*ਤੁਲਨਾ* ਉਤਪਤ 23)। ਸੀਹੋਨ ਅਤੇ ਓਗ, ਪੂਰਬੀ ਯਰਦਨ ਦੇ ਅਰਧ-ਵੱਸੇ ਸ਼ਹਿਰਾਂ ਨੂੰ *ਅਮੋਰੀ* (ਗਿਣਤੀ 12:21) ਕਿਹਾ ਜਾਂਦਾ ਹੈ; ਇਸ ਲਈ ਇਹ ਯਹੂਦੀਆਂ ਦੀਆਂ ਪਹਾੜੀਆਂ ਵਿਚ ਪੰਜ ਰਾਜਿਆਂ ਦਾ ਗਠਜੋੜ ਹੈ (ਯਹੋਸ਼ੁਆ 10:5)। ਮੂਲ ਰੂਪ ਵਿਚ *ਅਮੂਰੂ* ਸ਼ਬਦ ਦਾ ਅਰਥ "ਪੱਛਮੀ" ਹੈ ਅਤੇ ਇਹ ਮੂਲ ਰੂਪ ਵਿਚ ਇਹ ਨਾਮ ਪੱਛਮ ਵਿਚ ਵੱਸੇ ਹੋਏ ਮਸੋਪੋਤਾਮੀਆ ਦੇ ਲੋਕਾਂ ਦੁਆਰਾ ਪੱਛਮ ਵਿਚ ਆਪਣੇ ਪ੍ਰਵਾਸੀ ਗੁਆਂਢੀਆਂ ਨੂੰ ਦਿੱਤਾ ਗਿਆ ਸੀ। *ਫਰਿੱਜੀ* "ਪੇਂਡੂ" ਹੋ ਸਕਦਾ ਹੈ, ਸ਼ਾਇਦ ਇਸ ਨੂੰ ਆਧੁਨਿਕ "ਬੁਤਪ੍ਰਸਤ" ਦੇ ਸਮਾਨ ਅਪਮਾਨਜਨਕ ਅਰਥ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ, ਪਰ ਪਿਛੇਤਰ ਹੂਰੀਅਨ (*ਤੁਲਨਾ* "ਕੈਨਜ਼ਾਇਟ"*)* ਮੂਲ ਦਾ ਹੋ ਸਕਦਾ ਹੈ। *ਹਿੱਵੀਆਂ* "ਹੂਰੀਆਂ" [ਦੇ ਲਈ ਇਸਤੇਮਾਲ] ਕੀਤਾ ਜਾਂਦਾ ਜਾਪਦਾ ਹੈ। ਜੇਕਰ ਅਜਿਹਾ ਹੈ, ਤਾਂ ਉਹ ਅੱਧੀ ਸ਼ਤਾਬਦੀ ਤੋਂ ਪਹਿਲਾਂ ਦੇ ਹੂਰੀਅਨ ਜੇਤੂਆਂ ਦੇ ਖ਼ੂਨ ਨੂੰ ਨਹੀਂ ਤਾਂ, ਨਾਮ ਨੂੰ ਕਾਇਮ ਰੱਖਣਗੇ ... (ਯਹੋਸ਼ੁਆ 9:7)। ਵਿਚ ਗਿਬਓਨੀਆਂ ਦੇ ਸੰਯੁਕਤ ਰਾਜ ਦਾ ਵਰਣਨ ਹਿੱਵੀ ਦੇ ਰੂਪ ਵਿਚ ਕੀਤਾ ਗਿਆ ਹੈ। *ਯਬੂਸੀ* ਜੇਬੂਸ ਜਾਂ ਯਰੂਸ਼ਲਮ ਦੇ ਆਦਿਵਾਸੀ ਨਿਵਾਸੀ ਸਨ (ਅਮੋਰੀ ਵੀ ਕਿਹਾ ਜਾਂਦਾ ਹੈ, ਯਹੋਸ਼ੁਆ 10:5)[16]

**ਆਇਤ 9.** ਇਸਰਾਏਲੀਆਂ ਦੀ **ਦੁਹਾਈ** ਪਰਮੇਸ਼ੁਰ ਦੇ ਦੁਆਰਾ ਸੁਣੀ ਗਈ ਸੀ, ਅਤੇ ਉਸ ਨੇ **ਉਸ ਅਨ੍ਹੇਰ ਨੂੰ ਡਿੱਠਾ** ਜੋ **ਮਿਸਰੀ** ਲੋਕ ਉਨ੍ਹਾਂ ਤੇ ਕਰਦੇ ਸਨ। ਇਹ ਭਾਗ ਲਗਭਗ ਦੁਹਰਾਇਆ ਗਿਆ ਜਾਪਦਾ ਹੈ: ਆਇਤ 7 ਅਤੇ 9 ਲਗਭਗ ਸਮਾਨ ਹਨ। ਗੰਭੀਰ ਵਿਦਵਾਨ ਇਨ੍ਹਾਂ ਦੁਹਰਾਈਆਂ ਵਿਚ ਦੋ ਵੱਖ ਵੱਖ ਸਰੋਤਾਂ ਦੇ ਇਸਤੇਮਾਲ ਨੂੰ ਵੇਖਦੇ ਹਨ।[17] ਪਰ, ਇਹ ਆਇਤਾਂ ਇੱਕ ਸਾਹਿਤਿਕ ਉਪਕਰਣ ਦਾ ਉਪਯੋਗ ਕਰਦੀਆਂ ਹਨ ਜਿਸ ਨੂੰ "ਚਿਸਮ" ਦੇ ਰੂਪ ਵਿਚ ਜਾਣਿਆ ਜਾਂਦਾ ਹੈ, ਜਿਸ ਵਿਚ ਸਮਾਂਤਰ ਤੱਤ ਇੱਕ ABBA ਨਮੂਨੇ ਦੇ ਇੱਕ ਹਵਾਲੇ ਵਿਚ ਪਾਏ ਜਾਂਦੇ ਹਨ। ਇਸ ਨਮੂਨੇ ਨੂੰ ਜ਼ੋਰ ਦੇਣ ਦੇ ਲਈ ਵਰਤਿਆ ਜਾਂਦਾ ਹੈ ਅਤੇ ਵਿਸ਼ੇਸ਼ ਤੌਰ ਤੇ ਨਮੂਨੇ ਦੇ ਕੇਂਦਰ ਵਿਚ ਪਾਏ ਜਾਣ ਵਾਲੇ ਕਿਸੇ ਵੀ ਕਥਨ ਤੇ ਧਿਆਨ ਕੇਂਦ੍ਰਿਤ ਕਰਦਾ ਹੈ। ਇਸ ਵਿਧੀ ਦੇ ਅਨੁਸਾਰ ਇਨ੍ਹਾਂ ਆਇਤਾਂ ਨੂੰ ਭਾਗ ਕਰਨ ਨਾਲ ਹੇਠ ਲਿਖੀ ਬਨਾਵਟ ਪ੍ਰਾਪਤ ਹੁੰਦੀ ਹੈ:

- A1: "ਮੈਂ ਆਪਣੀ ਪਰਜਾ ਦੀ ਮੁਸੀਬਤ ਨੂੰ ਜਿਹੜੀ ਮਿਸਰ ਵਿੱਚ ਹੈ ... ਵੇਖਿਆ ਹੈ" (3:7)।
  - B1: "[ਮੈਂ] ਉਨ੍ਹਾਂ ਦੀ ਦੁਹਾਈ ... ਸੁਣੀ ਹੈ ਕਿਉਂ ਜੋ ਮੈਂ ਉਨ੍ਹਾਂ ਦੇ ਦੁੱਖਾਂ ਨੂੰ ਜਾਣਦਾ ਹਾਂ" (3:7)।
    - C1: "ਅਤੇ ਮੈਂ ਉੱਤਰਿਆ ਹਾਂ ਤਾਂ ਜੋ ਉਨ੍ਹਾਂ ਨੂੰ ਮਿਸਰੀਆਂ ਦੇ ਹੱਥੋਂ ਛੁਡਾਵਾਂ" (3:8)।
    - C2: "[ਮੈਂ ਉੱਤਰਿਆ ਹਾਂ] ਉਸ ... ਅੱਛੀ ... ਧਰਤੀ ਵਿੱਚ ... ਉਤਾਹਾਂ ਲਿਆਵਾਂ" (3:8)।
  - B2: "ਇਸਰਾਏਲੀਆਂ ਦੀ ਦੁਹਾਈ ਮੇਰੇ ਤੀਕ ਅੱਪੜੀ" (3:9)।
- A2: "ਮੈਂ ਉਸ ਅਨ੍ਹੇਰ ਨੂੰ ਵੀ ਜੋ ਮਿਸਰੀ ਉਨ੍ਹਾਂ ਉੱਤੇ ਕਰਦੇ ਹਨ ਡਿੱਠਾ ਹੈ" (3:9)।

A2 ਲੇਬਲ ਵਾਲਾ ਕਥਨ A1 ਲੇਬਲ ਕੀਤੇ ਗਏ ਕਥਨ ਵਿਚ ਜਾਣਕਾਰੀ ਨੂੰ ਜੋੜਦਾ ਹੈ: ਮਿਸਰੀ ਬਿਪਤਾ ਦੇ ਸਰੋਤ ਸਨ। B1 ਵਿਚ ਉਹ ਜਾਣਕਾਰੀ ਸ਼ਾਮਲ ਹੈ ਜੋ B2 ਵਿਚ ਨਹੀਂ ਮਿਲਦੀ

ਹੈ: ਇਸਰਾਏਲ ਦੇ ਦੁਖਾਂ ਦੇ ਵਿਸ਼ੇ ਵਿਚ ਪਰਮੇਸ਼ੁਰ ਦਾ ਗਿਆਨ। ਇਸ ਤੋਂ ਇਲਾਵਾ, A ਅਤੇ B ਕਥਨ C ਕਥਨਾਂ ਤੇ ਧਿਆਨ ਕੇਂਦ੍ਰਿਤ ਕਰਨ ਦਾ ਕੰਮ ਕਰਦੇ ਹਨ। ਇਸ ਲਈ, ਹਵਾਲੇ ਦਾ ਕੇਂਦਰੀ ਵਿਚਾਰ ਇਹ ਹੈ ਕਿ ਪਰਮੇਸ਼ੁਰ ਦਾ ਇਰਾਦਾ ਇਸਰਾਏਲੀਆਂ ਨੂੰ ਛੁਟਕਾਰਾ ਦੇਣਾ ਅਤੇ ਉਨ੍ਹਾਂ ਨੂੰ ਇੱਕ ਬੇਹਤਰ ਧਰਤੀ ਤੇ ਪਹੁੰਚਾਉਣਾ ਸੀ। ਇਹ ਬਨਾਵਟ ਨੂੰ ਇਹ ਗੱਲ ਨੂੰ ਸਪੱਸ਼ਟ ਕਰਨੀ ਚਾਹੀਦੀ ਹੈ ਕਿ ਜਿਸ ਨੂੰ ਦੁਹਰਾਇਆ ਜਾਣਾ ਸਮਝਿਆ ਜਾਂਦਾ ਹੈ - ਸ਼ਾਇਦ ਉਹ ਅਸਲ ਵਿਚ ਵੱਖ ਵੱਖ ਲਿਖਿਤ ਸਰੋਤਾਂ ਦੇ ਆਧਾਰ ਤੇ - ਸਾਵਧਾਨੀ ਨਾਲ ਤਿਆਰ ਕੀਤਾ ਗਿਆ ਇੱਕ ਸਾਹਿਤੀਕ ਉਪਕਰਣ ਹੈ।

## ਪਰਮੇਸ਼ੁਰ ਵੱਲੋਂ ਮੂਸਾ ਦੀ ਪਹਿਲੀ ਬੁਲਾਹਟ ਅਤੇ ਮੂਸਾ ਦਾ ਪਹਿਲਾ ਜਵਾਬ: "ਮੈਂ ਕੌਣ ਹਾਂ?" (3:10-12)

**10ਹੁਣ ਤੂੰ ਆ। ਮੈਂ ਤੈਨੂੰ ਫ਼ਿਰਊਨ ਕੋਲ ਘੱਲਾਂਗਾ ਤਾਂ ਜੋ ਤੂੰ ਮੇਰੀ ਪਰਜਾ ਅਰਥਾਤ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਕੱਢ ਲਿਆਵੇਂ। 11ਤਾਂ ਮੂਸਾ ਨੇ ਪਰਮੇਸ਼ੁਰ ਨੂੰ ਆਖਿਆ, ਮੈਂ ਕੌਣ ਹਾਂ ਜੋ ਫ਼ਿਰਊਨ ਕੋਲ ਜਾਵਾਂ ਅਤੇ ਇਸਰਾਏਲੀਆਂ ਨੂੰ ਮਿਸਰ ਤੋਂ ਕੱਢ ਲਿਆਵਾਂ? 12ਉਸ ਆਖਿਆ, ਮੈਂ ਤੇਰੇ ਨਾਲ ਹੋਵਾਂਗਾ ਅਤੇ ਤੇਰੇ ਲਈ ਏਹ ਪਤਾ ਹੋਵੇਗਾ ਕਿ ਮੈਂ ਤੈਨੂੰ ਘੱਲਿਆ ਭਈ ਜਦ ਤੂੰ ਏਸ ਪਰਜਾ ਨੂੰ ਮਿਸਰ ਤੋਂ ਕੱਢ ਲਿਆਵੇਂਗਾ ਤਾਂ ਤੁਸੀਂ ਏਸ ਪਹਾੜ ਉੱਤੇ ਪਰਮੇਸ਼ੁਰ ਦੀ ਉਪਾਸਨਾ ਕਰੋਗੇ।**

**ਆਇਤ 10.** ਪਰਮੇਸ਼ੁਰ ਨੇ ਮੂਸਾ ਨੂੰ ਬੁਲਾਇਆ ਕਿ **ਇਸਰੀਲੀਆਂ ਨੂੰ ਮਿਸਰ ਵਿੱਚੋਂ ਕੱਢ** ਲਿਆਵੇ, ਇੱਕ ਅਜਿਹਾ ਕੰਮ ਜਿਸ ਦੇ ਲਈ ਉਸ ਨੂੰ **ਫ਼ਿਰਊਨ** ਦੇ ਸਾਹਮਣੇ ਹਾਜ਼ਰ ਹੋਣਾ ਪਵੇਗਾ। ਪਰਮੇਸ਼ੁਰ ਨੇ ਇਸਰਾਏਲੀਆਂ ਦਾ ਉਲੇਖ **ਮੇਰੀ ਪਰਜਾ** ਦੇ ਰੂਪ ਵਿਚ ਕੀਤਾ। ਉਹ ਇਸ ਮਾਇਨੇ ਵਿਚ ਉਸ ਦੇ ਸਨ ਕਿ ਉਸ ਨੇ ਸ਼ੁਰੂ ਵਿਚ ਅਬਰਾਹਾਮ ਨੂੰ ਸੱਦਿਆ ਸੀ, ਅਤੇ ਫਿਰ ਉਸ ਨੇ ਪਿਤਾਪੁਰਖਾਂ (ਅਬਰਾਹਾਮ, ਇਸਹਾਕ, ਅਤੇ ਯਾਕੂਬ) ਅਤੇ ਉਨ੍ਹਾਂ ਦੀ ਸੰਤਾਨ (ਇਸਰਾਏਲੀਆਂ) ਦੀ ਰੱਖਿਆ ਕੀਤੀ ਅਤੇ ਉਨ੍ਹਾਂ ਨੂੰ ਬਰਕਤ ਦਿੱਤੀ ਸੀ।

**ਆਇਤ 11.** ਮੂਸਾ ਨੇ ਪਰਮੇਸ਼ੁਰ ਦੇ ਹੁਕਮ ਦਾ ਜਵਾਬ ਇਸ ਪ੍ਰਸ਼ਨ ਦੇ ਨਾਲ ਦਿੱਤਾ ਕਿ **ਮੈਂ ਕੌਣ ਹਾਂ ... ?** ਮੂਸਾ ਨੇ ਚਾਲੀ ਸਾਲ ਪਹਿਲਾਂ ਆਪਣੇ ਲੋਕਾਂ ਨੂੰ ਛੁਟਕਾਰਾ ਦਿਵਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਸ ਨੂੰ ਉਨ੍ਹਾਂ ਦੇ ਦੁਆਰਾ ਰੱਦ ਦਿੱਤਾ ਗਿਆ ਸੀ ਅਤੇ ਉਹ ਅਸਫਲ ਹੋ ਗਿਆ ਸੀ। ਉਸ ਦੀ ਅਯੋਗਤਾ ਜਾਂ ਅਸਮੱਰਥਾ ਸੱਚੇ ਨਬੀਆਂ ਦੀ ਵਿਸ਼ੇਸ਼ਤਾ ਸੀ।[18] ਪਵਿੱਤਰ ਬਾਈਬਲ ਦੇ ਸਬੂਤ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਪਰਮੇਸ਼ੁਰ ਇੱਕ ਅਜਿਹੇ ਵਿਅਕਤੀ ਨੂੰ ਜੋ ਇਹ ਵਿਸ਼ਵਾਸ ਕਰਦਾ ਹੈ ਕਿ ਉਹ ਅਯੋਗ ਹੈ ਉਸ ਵਿਅਕਤੀ ਤੋਂ ਵੱਧ ਕੇ ਚੰਗੀ ਤਰ੍ਹਾਂ ਦੇ ਨਾਲ ਇਸਤੇਮਾਲ ਕਰ ਸਕਦਾ ਹੈ ਜੋ ਆਪਣੇ ਆਪ ਨੂੰ ਲੋੜ ਤੋਂ ਵੱਧ ਆਤਮ-ਵਿਸ਼ਵਾਸੀ ਸਮਝਦਾ ਹੈ।

**ਆਇਤ 12.** ਪਰਮੇਸ਼ੁਰ ਨੇ ਇਹ ਕਹਿੰਦੇ ਹੋਏ ਉੱਤਰ ਦਿੱਤਾ, **ਮੈਂ ਤੇਰੇ ਨਾਲ ਹੋਵਾਂਗਾ**। ਟਿੱਪਣੀਕਾਰਾਂ ਦੇ ਅਨੁਸਾਰ, ਪਰਮੇਸ਼ੁਰ ਦਾ ਜਵਾਬ, ਸ਼ਾਇਦ ਪਰਮੇਸ਼ੁਰ ਦੇ ਨਾਮ ਨੂੰ ਦਰਸਾਉਂਦਾ ਹੈ: ਮੈਂ ਹੋਵਾਂਗਾ ਇਬਰਾਨੀ ਵਿਚ "ਯਾਹਵੇ"[19] ਦੇ ਸਮਾਨ ਹੈ (3:14 ਦੀਆਂ ਟਿੱਪਣੀਆਂ ਨੂੰ ਵੇਖੋ। ਪਰਮੇਸ਼ੁਰ ਮੂਸਾ ਦੀ ਯੋਗਤਾ ਅਤੇ ਸਮੱਥਰ ਦੀ ਕਮੀ ਦੇ ਅਹਿਸਾਸ ਦਾ ਉੱਤਰ ਸੀ। ਇਸ ਪ੍ਰਕਾਰ ਉਹ ਕਹਿਣਾ ਚਾਹੁੰਦਾ ਜਾਪਦਾ ਸੀ, "ਮੈਂ ਤੁਹਾਡੇ ਨਾਲ ਹਾਂ; ਜੇ ਮੈਂ ਤੁਹਾਡੇ ਪੱਖ ਵਿਚ ਹਾਂ, ਤਾਂ ਤੇਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ।" ਇਹ ਮਹੱਤਵਪੂਰਣ ਸਿਧਾਂਤ ਸਾਰੇ ਪੁਰਾਣੇ ਨੇਮ ਵਿਚ ਸਿਖਾਇਆ ਗਿਆ ਹੈ ਅਤੇ ਨਵੇਂ ਨੇਮ ਵਿਚ ਇਸ ਨੂੰ ਦੁਹਰਾਇਆ ਗਿਆ ਹੈ (ਵੇਖੋ ਰੋਮੀਆਂ 8:31,

32)।

ਫਿਰ ਪਰਮੇਸ਼ੁਰ ਨੇ ਮੂਸਾ ਨੂੰ ਇੱਕ **ਪਤਾ** ਦਿੱਤਾ: ਕਿ ਇਸਰਾਏਲੀਆਂ ਨੇ ਉਸੇ **ਪਹਾੜ** ਉੱਤੇ ਪਰਮੇਸ਼ੁਰ ਦੀ **ਉਪਾਸਨਾ** ਕਰਨੀ ਹੈ ਜਿੱਥੇ ਮੂਸਾ ਖੜਾ ਸੀ - ਇੱਕ ਚਿੰਨ੍ਹ ਜੋ ਸਿਰਫ ਤੱਥ ਦੇ ਪਿੱਛੋਂ ਹੀ ਵੇਖਿਆ ਜਾ ਸਕਦਾ ਸੀ। ਪਰਮੇਸ਼ੁਰ ਕਹਿ ਰਿਹਾ ਸੀ, "ਜਦੋਂ ਇਹ ਹੋ ਜਾਂਦਾ ਹੈ, ਤਾਂ ਤੁਸੀਂ ਜਾਣ ਜਾਓਗੇ ਕਿ ਮੈਂ ਇਹ ਕੀਤਾ ਹੈ।" ਟੇਰੇਂਸ ਈ. ਫ੍ਰੈਥੀਮ ਨੇ ਲਿਖਿਆ ਹੈ,

> ਕੀ ਇਹ ਪਰਮੇਸ਼ੁਰ ਹੈ ... ਜਿਸ ਨੇ ਉਸ ਨੂੰ ਭੇਜਿਆ ਹੈ? ਇਹ ਪਹਿਲਾਂ ਤੋਂ ਹੀ ਬਿਲਕੁਲ ਸਪੱਸ਼ਟ ਨਹੀਂ ਹੋ ਸਕਦਾ ਹੈ ਕਿ ਇਸ ਬੁਲਾਹਟ ਤੋਂ ਲੈ ਕੇ ਕਾਰਜ ਤੱਕ ਦੇ ਪਿੱਛੇ ਪਰਮੇਸ਼ੁਰ ਦਾ ਹੱਥ ਸੀ। ਸਿਰਫ ਉਸ ਸਮੇਂ ਮੂਸਾ ਤੇ ਇਹ ਗੱਲ ਸਪੱਸ਼ਟ ਹੋਵੇਗੀ ਕਿ ਪਰਮੇਸ਼ੁਰ ਨੇ ਉਸ ਨੂੰ ਭੇਜਿਆ ਸੀ ਜਦੋਂ ਇਹ ਸਭ ਕੁਝ ਪੂਰਾ ਹੋ ਜਾਵੇ ਅਤੇ ਮੂਸਾ ਇਸਰਾਏਲ ਦੇ ਨਾਲ ਖੜਾ ਹੋਵੇ ('ਤੁਸੀਂ" ਬਹੁਵਚਨ ਹੈ) ਅਤੇ ਇਸੇ ਸਥਾਨ ਤੇ ਜਿੱਥੇ ਉਹ ਹੁਣ ਖੜ੍ਹੇ ਸਨ ਉਸ ਦੀ ਬੰਦਗੀ ਕਰੇ। ਪਰਮੇਸ਼ੁਰ ਦਾ ਮੂਸਾ ਦੇ ਨਾਲ ਹੋਣ ਦਾ ਭਰੋਸਾ ਇਸ ਸਮੇਂ ਉਨ੍ਹਾਂ ਹੀ ਹੈ ਜਿੰਨਾ ਮੂਸਾ ਇਸ ਸਮੇਂ ਜਾਣ ਸਕਦਾ ਹੈ। ਪਰ ਜਦੋਂ ਇਹ ਘਟਨਾਵਾਂ ਹੋ ਚੁੱਕੀਆਂ ਹਨ, ਤਾਂ ਪਰਮੇਸ਼ੁਰ ਦੀ ਹਜ਼ੂਰੀ ਪ੍ਰਭਾਵਸ਼ਾਲੀ ਹੋਵੇਗੀ ਅਤੇ ਮੂਸਾ ਜਾਣ ਜਾਵੇਗਾ ਕਿ ਇਹ ਸੱਚ ਮੁੱਚ ਪਰਮੇਸ਼ੁਰ ਹੈ ਜੋ ਹੁਕਮ ਦੇ ਪਿੱਛੇ ਖੜ੍ਹਾ ਹੈ।[20]

ਸਿਰਫ ਭਵਿੱਖ ਵਿਚ ਸਮਝੇ ਜਾ ਸਕਣ ਵਾਲੇ ਨਿਸ਼ਾਨਾਂ ਦੀਆਂ ਹੋਰ ਉਦਾਹਰਣਾਂ 1 ਸਮੂਏਲ 2:34 ਅਤੇ ਯਸਾਯਾਹ 37:30 ਵਿਚ ਸ਼ਾਮਲ ਹਨ।

## ਮੂਸਾ ਦਾ ਦੂਜਾ ਜਵਾਬ: "ਤੂੰ ਕੌਣ ਹੈਂ?" (3:13-15)

**13ਫੇਰ ਮੂਸਾ ਨੇ ਪਰਮੇਸ਼ੁਰ ਨੂੰ ਆਖਿਆ, ਵੇਖ ਜਦ ਮੈਂ ਇਸਰਾਏਲੀਆਂ ਦੇ ਕੋਲ ਜਾਵਾਂ ਅਰ ਉਨ੍ਹਾਂ ਨੂੰ ਆਖਾਂ ਭਈ ਤੁਹਾਡੇ ਪਿਉ ਦਾਦਿਆਂ ਦੇ ਪਰਮੇਸ਼ੁਰ ਨੇ ਮੈਨੂੰ ਤੁਹਾਡੇ ਕੋਲ ਘੱਲਿਆ ਹੈ ਤਾਂ ਓਹ ਮੈਨੂੰ ਆਖਣਗੇ ਭਈ ਉਸ ਦਾ ਨਾਮ ਕੀ ਹੈ? ਤਾਂ ਮੈਂ ਉਨ੍ਹਾਂ ਨੂੰ ਕੀ ਦੱਸਾਂ? 14ਪਰਮੇਸ਼ੁਰ ਨੇ ਮੂਸਾ ਨੂੰ ਆਖਿਆ, "ਮੈਂ ਹਾਂ ਜੋ ਮੈਂ ਹਾਂ" ਅਤੇ ਤੂੰ ਇਸਰਾਏਲੀਆਂ ਨੂੰ ਐਉਂ ਆਖੀਂ ਕਿ "ਮੈਂ ਹਾਂ" ਨਾਮੀ ਨੇ ਮੈਨੂੰ ਤੁਹਾਡੇ ਕੋਲ ਘੱਲਿਆ ਹੈ। 15ਪਰਮੇਸ਼ੁਰ ਨੇ ਮੂਸਾ ਨੂੰ ਹੋਰ ਏਹ ਆਖਿਆ, ਤੂੰ ਇਸਰਾਏਲੀਆਂ ਨੂੰ ਐਉਂ ਆਖੀਂ ਕਿ ਯਹੋਵਾਹ ਤੁਹਾਡੇ ਪਿਉ ਦਾਦਿਆਂ ਦੇ ਪਰਮੇਸ਼ੁਰ, ਅਬਰਾਹਾਮ ਦੇ ਪਰਮੇਸ਼ੁਰ, ਇਸਹਾਕ ਦੇ ਪਰਮੇਸ਼ੁਰ, ਅਰ ਯਾਕੂਬ ਦੇ ਪਰਮੇਸ਼ੁਰ ਨੇ ਮੈਨੂੰ ਤੁਹਾਡੇ ਕੋਲ ਘੱਲਿਆ ਹੈ। ਸਦੀਪ ਕਾਲ ਤੋਂ ਮੇਰਾ ਏਹੋ ਹੀ ਨਾਮ ਹੈ ਅਤੇ ਪੀੜ੍ਹੀਓਂ ਪੀੜ੍ਹੀ ਮੇਰੀ ਏਹੋ ਹੀ ਯਾਦਗੀਰੀ ਹੈ।**

**ਆਇਤ 13.** ਇਹ ਕਿਹਾ ਗਿਆ ਹੈ ਕਿ **ਮੂਸਾ** ਦਾ ਪਹਿਲਾ ਜਵਾਬ ਸੀ "ਮੈਂ ਕੌਣ ਹਾਂ?" ਅਤੇ ਉਸ ਦਾ ਦੂਜਾ ਪ੍ਰਤਿਉੱਤਰ ਸੀ "ਤੂੰ ਕੌਣ ਹੈ?" ਮੂਸਾ ਜਾਣਦਾ ਸੀ ਕਿ ਲੋਕ ਉਸ ਦੇਵਤੇ ਦਾ **ਨਾਮ** ਪੁੱਛਣਗੇ ਜਿਸ ਨੇ ਉਸ ਨੂੰ ਹੁਕਮ ਦਿੱਤਾ ਸੀ। ਕੋਲ ਨੇ ਸਮਝਾਇਆ,

> ਇਹ ਪ੍ਰਸ਼ਨ ਪੁੱਛਣਾ, "ਕਿਹੜੇ ਨਵੇਂ ਨਾਮ ਦੇ ਨਾਲ ਪਰਮੇਸ਼ੁਰ ਤੁਹਾਡੇ ਤੇ ਪਰਗਟ ਹੋਇਆ ਹੈ?" ਇਹ ਪੁੱਛਣ ਦੇ ਬਰਾਬਰ ਸੀ, "ਤੁਸੀਂ ਪਰਮੇਸ਼ੁਰ ਦੇ ਕੋਲੋਂ ਕਿਹੜਾ ਨਵਾਂ ਪ੍ਰਕਾਸ਼ਣ ਪ੍ਰਾਪਤ ਕੀਤਾ ਹੈ?" ਸਧਾਰਣ ਤੌਰ ਤੇ, ਪਿਤਾਪੁਰਖਾਂ ਦੇ ਦਿਨਾਂ ਵਿਚ, ਪਿਤਾਪੁਰਖਿਆਂ ਦੇ ਪਰਮੇਸ਼ੁਰ ਕੋਲੋਂ ਮਿਲੇ ਕਿਸੇ ਵੀ ਨਵੇਂ ਪ੍ਰਕਾਸ਼ਣ ਨੂੰ ਨਵੇਂ ਨਾਮ ਦੇ ਨਾਲ ਸ਼ਾਮਲ ਕੀਤਾ ਜਾਵੇਗਾ (ਉਤਪਤ 16:13) ਜੋ ਭਵਿੱਖ ਵਿਚ ਪਰਮੇਸ਼ੁਰ ਦੀ ਬਚਾਉਣ ਦੀ ਗਤੀਵਿਧੀ ਅਤੇ ਗਹਿਰੇ ਗਿਆਨ ਦੋਵਾਂ ਦਾ ਵਰਣਨ ਕਰੇਗਾ। ਅਸੀਂ ਇਹ ਮੰਨ ਸਕਦੇ ਹਾਂ ਕਿ, ਇਹ ਪ੍ਰਸ਼ਨ ਪੁੱਛਣ ਦੇ ਰਾਹੀਂ, ਉਹ ਪਿਤਾਪੁਰਖਾਂ ਦੇ ਪਰਮੇਸ਼ੁਰ ਦੇ ਨਵੇਂ ਨਾਮ ਦੀ ਉਮੀਦ ਕਰ ਰਹੇ ਸਨ।[21]

**ਆਇਤਾਂ 14, 15. ਪਰਮੇਸ਼ੁਰ** ਨੇ ਸ਼ਬਦਾਂ ਦੇ ਇੱਕ ਹੇਰ ਫੇਰ ਦੇ ਦੁਆਰਾ ਉੱਤਰ ਦਿੱਤਾ। ਇਬਰਾਨੀ ਵਿਚ ਕਿਰਿਆ **ਮੈਂ ਹਾਂ** (הָיָה, *ਹੈਆਹ)* ਰੱਬੀ ਨਾਮ (יהוה, *ਯਾਹਵੇ)* ਦੇ ਸਮਾਨ ਹੈ। ਕਿਉਂਕਿ ਇਸ ਨਾਮ ਵਿਚ ਚਾਰ ਵਿਅੰਜਨ ਹਨ, ਇਸ ਲਈ ਕਈ ਵਾਰ ਇਸ ਨੂੰ "ਟੈਟਰਾਗ੍ਰਾਮੇਟਨ" ਕਿਹਾ ਜਾਂਦਾ ਹੈ। ਆਮ ਤੌਰ ਤੇ ਆਧੁਨਿਕ ਵਿਦਵਾਨ ਅੰਗ੍ਰੇਜ਼ੀ ਵਿਚ ਇਸ ਰੱਬੀ ਨਾਮ ਦਾ ਲਿਪੀਅੰਤਰਣ "ਯਹੋਵਾਹ" ਦੇ ਰੂਪ ਵਿਚ ਕਰਦੇ ਹਨ।[22] ਪਰ, ਬਾਈਬਲ ਦੇ ਜ਼ਿਆਦਾਤਰ ਅੰਗ੍ਰੇਜ਼ੀ ਸੰਸਕਰਣਾਂ ਵਿਚ, ਇਬਰਾਨੀ ਸ਼ਬਦ *YHWH (ਯਾਹਵੇ)* ਦਾ ਅਨੁਵਾਦ **ਯਹੋਵਾਹ** ਕੀਤਾ ਗਿਆ ਹੈ, ਜਿਸ ਨੂੰ ਵੱਡੇ ਛੋਟੇ ਅੱਖਰਾਂ ਵਿਚ ਛਾਪਿਆ ਜਾਂਦਾ ਹੈ। ਇਹ ਅਭਿਆਸ ਪੜ੍ਹਣ ਦੀ ਯਹੂਦੀ ਪ੍ਰਥਾ ਨੂੰ ਦਰਸਾਉਂਦਾ ਹੈ "ਯਹੋਵਾਹ" (אֲדֹנָי, *ਐਡੋਨਾਈ)* ਜਦੋਂ *YHWH (ਯਾਹਵੇ)* ਇਬਰਾਨੀ ਲਿਖਤ ਵਿਚ ਪਾਇਆ ਜਾਂਦਾ ਹੈ।

ਜਦੋਂ ਪਰਮੇਸ਼ੁਰ ਇਸ ਸ਼ਬਦ ਨੂੰ ਆਪਣੇ ਨਾਮ ਦੇ ਰੂਪ ਵਿਚ ਇਸਤੇਮਾਲ ਕਰਦਾ ਹੈ, ਤਾਂ ਉਹ ਕਹਿ ਰਿਹਾ ਹੈ, **"ਮੈਂ ਹਾਂ ਜੋ ਮੈਂ ਹਾਂ।"** ਇੱਕ ਹੋਰ ਸੰਭਾਵਨਾ ਹੈ "ਮੈਂ ਉਹ ਹਾਂ ਜੋ ਮੈਂ ਰਹਾਂਗਾ।" ਵਿਦਵਾਨਾਂ ਦਾ ਕਹਿਣਾ ਹੈ ਕਿ ਸ਼ਬਦ ਦਾ ਅਰਥ ਇਹ ਸੰਕੇਤ ਕਰਦਾ ਹੈ ਕਿ ਪਰਮੇਸ਼ੁਰ ਹੀ ਹੋਣ ਦਾ ਮੂਲ ਤੱਤ ਹੈ, "ਹੋਣ ਦਾ ਆਧਾਰ।" ਪਰ, ਕਿਉਂਕਿ *YHWH (ਯਾਹਵੇ)* "ਇੱਕ ਤੀਸਰਾ ਵਿਅਕਤੀ ਰੂਪ ਹੈ 'ਉਹ ਹੋਣ ਦਾ ਕਾਰਣ ਬਣਦਾ ਹੈ,'" ਇਹ ਨਾਮ ਸ਼ਾਇਦ "ਪਰਮੇਸ਼ੁਰ ਦੇ ਅਨੰਤ ਹੋਣ ਦਾ ਸੰਕੇਤ ਨਹੀਂ ਦੇ ਸਕਦਾ ਹੈ ਪਰ ਇਤਹਾਸਕ ਮਾਮਲਿਆਂ ਵਿਚ ਪਰਮੇਸ਼ੁਰ ਦੀ ਕਿਰਿਆ ਅਤੇ ਹਜ਼ੂਰੀ ਦਾ ਸੰਕੇਤ ਦਿੰਦਾ ਹੈ।"[23]

ਪਰਮੇਸ਼ੁਰ ਨੇ ਜ਼ੋਰਦਾਰ ਸੰਕੇਤ ਦਿੱਤਾ ਕਿ ਉਹ ਚਾਹੁੰਦਾ ਹੈ ਕਿ ਉਸ ਨੂੰ "ਯਾਹਵੇ" ("ਯਹੋਵਾਹ") ਨਾਮ ਨਾਲ ਜਾਣਿਆ ਜਾਵੇ। ਪਹਿਲਾਂ, ਉਹ ਬਹੁਤ ਸਾਰੇ ਨਾਮਾਂ ਨਾਲ ਜਾਣਿਆ ਜਾਂਦਾ ਸੀ; ਇਸ ਬਿੰਦੂ ਤੋਂ, ਉਸ ਨੇ ਚੁਣਿਆ, ਕਿ ਉਸ ਨੂੰ ਉਸ ਦੇ ਵਿਅਕਤੀਗਤ ਨਾਮ, ਨੇਮ ਦੇ ਨਾਮ "ਯਹੋਵਾਹ" ਨਾਲ ਜਾਣਿਆ ਜਾਵੇ। ਅਸਲ ਵਿਚ, "ਯਹੋਵਾਹ" **ਪੀੜ੍ਹੀਓਂ ਪੀੜ੍ਹੀ** ਪਰਮੇਸ਼ੁਰ (ਦਾ) **ਯਾਦਗੀਰੀ ਨਾਮ ਹੈ**। NRSV ਅਨੁਵਾਦ ਕਹਿੰਦਾ ਹੈ, "ਸਦੀਪ ਕਾਲ ਤੋਂ ਮੇਰਾ ਏਹੋ ਹੀ ਨਾਮ ਹੈ ਅਤੇ ਪੀੜ੍ਹੀਓਂ ਪੀੜ੍ਹੀ ਮੇਰਾ ਏਹੋ ਹੀ ਸਿਰਲੇਖ ਹੈ।" NIV ਇਸ ਦਾ ਅਨੁਵਾਦ ਕਰਦਾ ਹੈ, "ਸਦੀਪ ਕਾਲ ਤੋਂ ਮੇਰਾ ਏਹੋ ਹੀ ਨਾਮ ਹੈ ਅਤੇ ਪੀੜ੍ਹੀਓਂ ਪੀੜ੍ਹੀ ਮੇਰੀ ਏਹੋ ਹੀ ਯਾਦਗੀਰੀ ਹੈ।" ਇਸ ਦੇ ਨਾਲ ਨਾਲ, ਪਰਮੇਸ਼ੁਰ ਨੇ ਜ਼ੋਰ ਦਿੱਤਾ ਕਿ ਉਹ ਉਹੀ ਪਰਮੇਸ਼ੁਰ ਹੈ ਜਿਸ ਦੀ ਬੰਦਗੀ ਇਸਰਾਏਲ ਦੇ ਪਿਉ ਦਾਦਿਆਂ ਦੇ ਦੁਆਰਾ ਕੀਤੀ ਗਈ ਸੀ: **ਅਬਰਾਹਾਮ, ਇਸਹਾਕ,** ਅਤੇ **ਯਾਕੂਬ**।

## ਛੁਟਕਾਰੇ ਦੀ ਇਕ ਝਲਕ (3:16-22)

**16ਜਾਹ ਅਤੇ ਇਸਰਾਏਲ ਦੇ ਬਜ਼ੁਰਗਾਂ ਨੂੰ ਇਕੱਠੇ ਕਰ ਅਤੇ ਉਨ੍ਹਾਂ ਨੂੰ ਆਖ ਕਿ ਯਹੋਵਾਹ
ਤੁਹਾਡੇ ਪਿਉ ਦਾਦਿਆਂ ਦੇ ਪਰਮੇਸ਼ੁਰ, ਅਬਰਾਹਾਮ, ਇਸਹਾਕ, ਯਾਕੂਬ ਦੇ ਪਰਮੇਸ਼ੁਰ ਐਉਂ
ਆਖਦਿਆਂ ਮੈਨੂੰ ਦਰਸ਼ਣ ਦਿੱਤਾ ਕਿ ਮੈਂ ਜ਼ਰੂਰ ਤੁਹਾਡੀ ਖ਼ਬਰ ਲਈ ਅਤੇ ਜੋ ਕੁਝ ਮਿਸਰ ਵਿੱਚ
ਤੁਹਾਡੇ ਉੱਤੇ ਬੀਤਿਆ ਹੈ ਡਿੱਠਾ। 17ਮੈਂ ਆਖਿਆ ਹੈ ਕਿ ਮੈਂ ਤੁਹਾਨੂੰ ਮਿਸਰ ਦੇ ਦੁੱਖਾਂ ਤੋਂ ਕਨਾਨੀਆਂ,
ਹਿੱਤੀਆਂ, ਅਮੋਰੀਆਂ, ਫਰਿੱਜੀਆਂ, ਹਿੱਵੀਆਂ ਅਰ ਯਬੂਸੀਆਂ ਦੇ ਦੇਸ ਵਿੱਚ ਅਰਥਾਤ ਅਜੇਹੇ ਦੇਸ
ਵਿੱਚ ਜਿੱਥੇ ਦੁੱਧ ਅਤੇ ਸ਼ਹਿਤ ਵਗਦਾ ਹੈ ਉਤਾਹਾਂ ਲਿਆਵਾਂਗਾ। 18ਓਹ ਤੇਰਾ ਬੋਲ ਸੁਣਨਗੇ ਅਤੇ
ਤੂੰ ਅਰ ਇਸਰਾਏਲ ਦੇ ਬਜ਼ੁਰਗ ਮਿਸਰ ਦੇ ਰਾਜੇ ਦੇ ਕੋਲ ਜਾਕੇ ਉਸ ਨੂੰ ਆਖਿਓ ਕਿ ਯਹੋਵਾਹ
ਇਬਰਾਨੀਆਂ ਦਾ ਪਰਮੇਸ਼ੁਰ ਸਾਨੂੰ ਮਿਲਿਆ ਹੈ। ਹੁਣ ਤੂੰ ਸਾਨੂੰ ਤਿੰਨਾਂ ਦਿਨਾਂ ਦੇ ਪੈਂਡੇ ਲਈ ਉਜਾੜ
ਵਿੱਚ ਜਾਣ ਦੇਹ ਤਾਂ ਜੋ ਅਸੀਂ ਯਹੋਵਾਹ ਆਪਣੇ ਪਰਮੇਸ਼ੁਰ ਲਈ ਬਲੀਆਂ ਚੜ੍ਹਾਈਏ। 19ਪਰ ਮੈਂ
ਜਾਣਦਾ ਹਾਂ ਕਿ ਮਿਸਰ ਦਾ ਰਾਜਾ ਤੁਹਾਨੂੰ ਨਾ ਜਾਣ ਦੇਵੇਗਾ, ਤਕੜੇ ਹੱਥੀਂ ਵੀ ਨਹੀਂ। 20ਮੈਂ ਆਪਣਾ**

**ਹੱਥ ਪਸਾਰਾਂਗਾ ਅਤੇ ਮਿਸਰ ਨੂੰ ਆਪਣਿਆਂ ਸਭ ਅਚਰਜ ਕੰਮਾਂ ਨਾਲ ਜੋ ਮੈਂ ਉਸ ਵਿੱਚ ਵਿਖਾਵਾਂਗਾ ਮਾਰਾਂਗਾ। ਉਸ ਦੇ ਪਿੱਛੋਂ ਉਹ ਤੁਹਾਨੂੰ ਜਾਣ ਦੇਵੇਗਾ। [21]ਅਤੇ ਮੈਂ ਇਸ ਪਰਜਾ ਲਈ ਮਿਸਰੀਆਂ ਦੀਆਂ ਅੱਖਾਂ ਵਿੱਚ ਦਯਾ ਪਾਵਾਂਗਾ ਅਤੇ ਐਉਂ ਹੋਵੇਗਾ ਕਿ ਜਾਂ ਤੁਸੀਂ ਜਾਓਗੇ ਤਾਂ ਖਾਲੀ ਹੱਥੀਂ ਨਾ ਜਾਓਗੇ। [22]ਸਗੋਂ ਇੱਕ ਇੱਕ ਤੀਵੀਂ ਆਪਣੀ ਗਵਾਂਢਣ ਤੋਂ ਅਰ ਉਸ ਤੋਂ ਜੋ ਉਸ ਦੇ ਘਰ ਵਿੱਚ ਰਹਿੰਦੀ ਹੈ ਚਾਂਦੀ ਦੇ ਗਹਿਣੇ ਅਰ ਸੋਨੇ ਦੇ ਗਹਿਣੇ ਅਰ ਬਸਤ੍ਰ ਮੰਗੇਗੀ ਅਤੇ ਤੁਸੀਂ ਆਪਣੇ ਪੁੱਤ੍ਰਾਂ ਅਤੇ ਧੀਆਂ ਦੇ ਪਾਓਗੇ ਅਰ ਮਿਸਰੀਆਂ ਨੂੰ ਲੁੱਟ ਲਓਗੇ।**

ਕਹਾਣੀ ਦਾ ਇੱਕ ਸਾਰ, ਆਉਣ ਵਾਲੇ ਛੁਟਕਾਰੇ ਦੀ ਇੱਕ ਸਮੀਖਿਆ, 3:16-22 ਵਿਚ ਦਿੱਤੀ ਗਈ ਹੈ। ਅਸਲ ਵਿਚ, ਕੂਚ 4:29-12:36 ਨੂੰ ਇਨ੍ਹਾਂ ਆਇਤਾਂ ਵਿਚ ਪਾਏ ਗਏ ਮੁੱਖ ਵਿਚਾਰਾਂ ਦਾ ਉਪਯੋਗ ਕਰਕੇ ਰੇਖਾਂਕਿਤ ਕੀਤਾ ਜਾ ਸਕਦਾ ਹੈ:

1. ਮੂਸਾ ਦੇ ਦੁਆਰਾ ਬਜ਼ੁਰਗਾਂ ਦੇ ਸਾਹਮਣੇ ਪੇਸ਼ਕਸ਼ (3:16, 17; ਤੁਲਨਾ ਕਰੋ 4:29-31)
2. ਫ਼ਿਰਊਨ ਦੇ ਸਾਹਮਣੇ ਹਾਜ਼ਰ ਹੋਣਾ (3:18; ਤੁਲਨਾ ਕਰੋ 5:1-3)
3. ਫ਼ਿਰਊਨ ਦਾ ਇਨਕਾਰ (3:19; ਤੁਲਨਾ ਕਰੋ 5:4-7:7)
4. ਪਰਮੇਸ਼ੁਰ ਦੇ ਚਮਤਕਾਰ (3:20; ਤੁਲਨਾ ਕਰੋ 7:8-12:29)
5. ਫ਼ਿਰਊਨ ਦੀ ਰਜ਼ਾਮੰਦੀ (3:20; ਤੁਲਨਾ ਕਰੋ 12:30-32)
6. ਮਿਸਰੀਆਂ ਕੋਲੋਂ ਤੋਹਫ਼ੇ (3:21, 22; ਤੁਲਨਾ ਕਰੋ 12:33-36)।

**ਆਇਤਾਂ 16, 17.** ਸਮੀਖਿਆ ਦੇ ਸ਼ੁਰੂਆਤ ਵਿਚ, ਪਰਮੇਸ਼ੁਰ ਨੇ ਮੂਸਾ ਨੂੰ ਕਿਹਾ ਕਿ **ਬਜ਼ੁਰਗਾਂ** ਨੂੰ ਇਕੱਠੇ ਕਰ ਅਤੇ ਉਨ੍ਹਾਂ ਦੇ ਨਾਲ ਗੱਲ ਕਰ। ਬਜ਼ੁਰਗ "ਇਸਰਾਏਲ ਵਿਚ ਇੱਕ ਕਿਸਮ ਦੀ ਨਿਆਇਕ ਸੰਸਥਾ" ਸਨ।[24] ਮੂਸਾ ਨੇ ਉਨ੍ਹਾਂ ਦੇ ਲਈ ਇੱਕ ਸੰਦੇਸ਼ ਲਿਆਉਣਾ ਸੀ। ਇਸ ਤਰੀਕੇ ਨਾਲ, ਉਹ ਇੱਕ ਨਬੀ ਦੇ ਰੂਪ ਵਿਚ ਕੰਮ ਕਰੇਗਾ, ਕਿਉਂਕਿ ਇੱਕ ਨਬੀ ਉਹ ਹੁੰਦਾ ਹੈ ਜੋ ਕਿਸੇ ਦੇ ਲਈ ਸੰਦੇਸ਼ ਲਿਆਉਂਦਾ ਹੈ। ਪਰਮੇਸ਼ੁਰ ਦਾ ਸੰਦੇਸ਼ ਉਸ ਦੇ ਲੋਕਾਂ ਦੇ ਲਈ ਇਸ ਤੱਥ ਦੇ ਨਾਲ ਸ਼ੁਰੂ ਹੁੰਦਾ ਹੈ ਕਿ ਉਸ ਨੇ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਦੁੱਖਾਂ ਦੀ **ਖ਼ਬਰ ਲਈ** ਸੀ (ਵੇਖੋ 2:24, 25; 3:7, 9)। ਆਪਣੀ ਕਿਰਪਾ ਦੇ ਕਾਰਣ, ਪਰਮੇਸ਼ੁਰ ਨੇ ਇਸਰਾਏਲੀਆਂ ਨੂੰ **ਮਿਸਰ ਦੇ ਦੁਖਾਂ ਤੋਂ** ਛੁਟਕਾਰਾ ਦਿਵਾਉਣ ਅਤੇ ਹੋਰ **ਦੇਸ** ਵਿਚ ਲਿਆਉਣ ਦਾ ਵਾਇਦਾ ਕੀਤਾ (3:7, 8 ਤੇ ਟਿੱਪਣੀਆਂ ਵੇਖੋ)।

**ਆਇਤ 18.** ਇਸਰਾਏਲ ਦੇ ਲੋਕ ਮੂਸਾ ਦੀ ਸੁਣਨਗੇ ਅਤੇ **ਰਾਜੇ** ਨੂੰ ਕਹਿਣਗੇ ਕਿ ਉਹ ਉਨ੍ਹਾਂ ਨੂੰ **ਤਿੰਨਾਂ ਦਿਨਾਂ ਦੇ ਪੈਂਡੇ ਲਈ ਉਜਾੜ ਵਿੱਚ ਜਾਣ** [ਦੇਵੇ] ਤਾਂਕਿ ਉਹ ਯਹੋਵਾਹ ਨੂੰ **ਬਲੀਆਂ** ਚੜ੍ਹਾ ਸਕਣ। ਪਰ, ਫ਼ਿਰਊਨ ਉਨ੍ਹਾਂ ਦੀ ਬੇਨਤੀ ਨੂੰ ਨਹੀਂ ਸੁਣੇਗਾ। ਕੀ ਤਿੰਨਾਂ ਦਿਨਾਂ ਦੇ ਲਈ ਪੁੱਛਣਾ ਧੋਖਾ ਸੀ ਜਦਕਿ ਇਸਰਾਏਲੀ ਅਸਲ ਵਿਚ ਸਥਾਈ ਰੂਪ ਵਿਚ ਮਿਸਰ ਨੂੰ ਛੱਡਣਾ ਚਾਹੁੰਦੇ ਸਨ? ਨਾਹੂਮ ਐਮ. ਸਰਨਾ ਨੇ ਕਿਹਾ ਕਿ ਉਨ੍ਹਾਂ ਦੀ ਬੇਨਤੀ "ਫ਼ਿਰਊਨ ਦੀ ਘੁਸਪੈਠ [ਨਿਰਲੇਪਤਾ] ਨੂੰ ਦੂਰ ਕਰਨ ਦੇ ਲਈ ਇੱਕ ਤਾਨਾਸ਼ਾਹੀ ਸੀ।"[25]

**ਆਇਤ 19.** ਫ਼ਿਰਊਨ ਇਸਰਾਏਲ ਨੂੰ ਜਾਣ ਨਹੀਂ ਦੇਵੇਗਾ, **ਤਕੜੇ ਹੱਥੀਂ ਵੀ ਨਹੀਂ** (וְלֹא בְּיָד חֲזָקָה, *ਲੋ ਬੀਐਡ ਚਾਜ਼ਾਕਾਹ*)। KJV ਇਸ ਵਾਕ ਦਾ ਵਧੇਰੇ ਸ਼ਾਬਦਿਕ ਅਨੁਵਾਦ ਕਰਦਾ ਹੈ, "ਇਕ ਤਕੜੇ ਹੱਥ ਨਾਲ ਨਹੀਂ।" NRSV ਵਿਚ ਹੈ "ਜਦੋਂ ਤੱਕ ਇਕ ਸ਼ਕਤੀਸ਼ਾਲੀ ਹੱਥ ਦੇ ਨਾਲ ਮਜ਼ਬੂਰ ਨਾ ਕੀਤਾ ਗਿਆ।" ਇਸਰਾਏਲ ਦੇ ਛੁਟਕਾਰੇ ਦਾ ਕੰਮ ਪਰਮੇਸ਼ੁਰ ਦੇ ਸ਼ਕਤੀਸ਼ਾਲੀ ਹੱਥ ਦੇ ਨਾਲ ਪੂਰਾ ਹੋਵੇਗਾ। "ਫ਼ਿਰਊਨ ਦੇ ਤਾਕਤ ਨੂੰ ਦਰਸਾਉਣ ਦੇ ਲਈ ਮਿਸਰ ਦੇ ਸ਼ਿਲਾਲੇਖਾਂ ਤੇ ਇੱਕ ਪਸਾਰੀ ਹੋਈ ਬਾਂਹ ਜਾਂ ਹੱਥ ਦੀ ਤਸਵੀਰ ਆਮ ਹੁੰਦੀ ਹੈ।"[26] (ਵੇਖੋ 13:9, 14, 16.)

ਪਰਮੇਸ਼ੁਰ ਨੇ ਇਸਰਾਏਲ ਨੂੰ ਸਿਰਫ ਛੁਟਕਾਰਾ ਹੀ ਨਹੀਂ ਦਿੱਤਾ; ਸਗੋਂ ਉਸ ਨੇ *ਸ਼ਕਤੀਸ਼ਾਲੀ* ਢੰਗ ਨਾਲ ਉਨ੍ਹਾਂ ਨੂੰ ਛੁਟਕਾਰਾ ਦਿੱਤਾ।

ਇਹ ਸਮੀਖਿਆ ਨੇ ਮੂਸਾ ਨੂੰ ਅੱਗੇ ਜੋ ਕੁੱਝ ਅੱਗੇ ਸੀ ਉਸ ਲਈ ਤਿਆਰ ਕੀਤਾ ਸੀ, ਅਤੇ ਖਾਸ ਤੌਰ ਤੇ ਇਸ ਤੱਥ ਦੇ ਲਈ ਕਿ ਇਸਰਾਏਲ ਨੂੰ ਛੁਟਕਾਰਾ ਦਿਵਾਉਣ ਦੀਆਂ ਉਸ ਦੀਆਂ ਸ਼ੁਰੂਆਤੀ ਕੋਸ਼ਿਸ਼ਾਂ ਨਾਕਾਮ ਹੋਣਗੀਆਂ। ਇਸ ਸੰਬੰਧ ਵਿਚ, ਅਤੇ ਇਸ ਦੇ ਨਾਲ ਨਾਲ ਹੋਰਨਾਂ ਵਿਚ ਵੀ, ਮੂਸਾ ਦੀ ਬੁਲਾਹਟ ਬਾਅਦ ਵਿਚ ਆਉਣ ਵਾਲੇ ਨਬੀਆਂ ਦੇ ਸਮਾਨ ਸੀ ਜਿਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਜਿਨ੍ਹਾਂ ਲੋਕਾਂ ਦੇ ਨਾਲ ਉਹ ਗੱਲ ਕਰਣਗੇ ਉਹ ਉਨ੍ਹਾਂ ਦੀ ਸੁਣਨ ਤੋਂ ਇਨਕਾਰ ਕਰ ਦੇਣਗੇ (ਵੇਖੋ ਯਸਾਯਾਹ 6:9, 10)। ਇਹ ਉਨ੍ਹਾਂ ਕਈ ਮੌਕਿਆਂ ਤੋਂ ਪਹਿਲਾਂ ਸੀ ਜਦੋਂ ਪਰਮੇਸ਼ੁਰ ਨੇ ਮੂਸਾ ਨੂੰ ਜਾਣੂ ਕਰਵਾਇਆ ਕਿ ਫ਼ਿਰਊਨ ਸ਼ੁਰੂ ਵਿਚ ਲੋਕਾਂ ਨੂੰ ਜਾਣ ਦੇਣ ਤੋਂ ਇਨਕਾਰ ਕਰ ਦੇਵੇਗਾ (ਵੇਖੋ 4:21; 7:1-5; 10:1, 2; 11:9, 10)।

**ਆਇਤ 20.** ਕਿਉਂਕਿ ਮਿਸਰ ਦਾ ਰਾਜਾ ਸ਼ੁਰੂ ਵਿਚ ਇਸਰਾਏਲੀਆਂ ਨੂੰ ਜਾਣ ਨਹੀਂ ਦੇਵੇਗਾ, ਇਸ ਲਈ ਪਰਮੇਸ਼ੁਰ **ਅਚਰਜ ਕੰਮਾਂ** ਨੂੰ ਕਰੇਗਾ, ਦਸ ਬਵਾਂ ਦਾ ਇੱਕ ਸਪੱਸ਼ਟ ਹਵਾਲਾ (7:14-12:30)। ਇਹ ਅਚਰਜ ਕੰਮ ਮਿਸਰੀਆਂ ਤੇ ਨਿਆਂ ਨੂੰ ਲਿਆਉਣਗੇ, ਪਰ ਉਹ ਇਸਰਾਏਲੀਆਂ ਨੂੰ ਛੁਟਕਾਰਾ ਦਿਵਾਉਣਗੇ। ਬਵਾਂ ਦੇ ਕਾਰਣ, ਫ਼ਿਰਊਨ [ਉਨ੍ਹਾਂ ਨੂੰ] **ਜਾਣ ਦੇਵੇਗਾ**।

**ਆਇਤਾਂ 21, 22.** ਇਸਰਾਏਲੀਆਂ ਨੂੰ ਸਿਰਫ ਚਲੇ ਜਾਣ ਦੀ ਹੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਪਰ ਉਹ ਆਪਣੇ ਨਾਲ ਮਿਸਰ ਦੇ ਬਹੁਤ ਸਾਰੇ ਖਜ਼ਾਨਿਆਂ ਨੂੰ ਵੀ ਤੋਹਫ਼ੇ ਦੇ ਰੂਪ ਵਿਚ ਲੈ ਜਾਣਗੇ - **ਚਾਂਦੀ ਦੇ ਗਹਿਣੇ ਅਰ ਸੋਨੇ ਦੇ ਗਹਿਣੇ ਅਰ ਬਸਤ੍ਰ**। ਇਹ ਵਸਤੂਆਂ ਇਸਰਾਏਲੀਆਂ ਦੇ ਗੁਆਂਢੀਆਂ ਅਤੇ ਨੌਕਰਾਂ ਤੋਂ ਪ੍ਰਾਪਤ ਕੀਤੀਆਂ ਜਾਣਗੀਆਂ: **ਇੱਕ ਇੱਕ ਤੀਵੀਂ ਆਪਣੀ ਗਵਾਂਢਣ ਤੋਂ ਅਰ ਉਸ ਤੋਂ ਜੋ ਉਸ ਦੇ ਘਰ ਵਿੱਚ ਰਹਿੰਦੀ ਹੈ ... ਮੰਗੇਗੀ** (ਵੇਖੋ 11:2, 3; 12:35, 36)। ਇਹ ਭਾਸ਼ਾ ਇਸ ਗੱਲ ਵੱਲ ਇਸ਼ਾਰਾ ਕਰਦੀ ਹੈ ਕਿ ਇਸਰਾਏਲੀਆਂ ਦੇ ਆਪਣੇ ਦਾਸ ਸਨ, ਇੱਕ ਰਿਸ਼ਤਾ ਜਿਸ ਨੂੰ ਬਾਅਦ ਵਿਚ ਮੂਸਾ ਦੀ ਸ਼ਰਾ ਦੇ ਦੁਆਰਾ ਨਿਯੁਕਤ ਕੀਤਾ ਗਿਆ। ਭਾਵੇਂ ਪਰਮੇਸ਼ੁਰ ਦੇ ਲੋਕ ਫ਼ਿਰਊਨ ਦੇ ਅਧੀਨ ਸਨ ਅਤੇ ਸਖ਼ਤ ਬੋਝ ਦੇ ਹੇਠ ਸਨ, ਪਰ ਸਪੱਸ਼ਟ ਤੌਰ ਤੇ ਉਨ੍ਹਾਂ ਵਿਚੋਂ ਕੁੱਝ ਲੋਕ ਖੁਸ਼ਹਾਲ ਸਨ। ਉਨ੍ਹਾਂ ਦੇ ਕੋਲ "ਇੱਜੜ ਅਰ ਚੌਣੇ" ਅਤੇ "ਢੇਰ ਸਾਰੇ ਪਸ਼ੂ" ਸਨ (12:38; ਵੇਖੋ 9:6)। ਇਹ ਤੱਥ ਕਿ ਇਸਰਾਏਲੀਆਂ ਨੇ **ਮਿਸਰੀਆਂ ਨੂੰ ਲੁੱਟ** (ਲਿਆ) ਜ਼ਰੂਰ ਮੂਸਾ ਦੇ ਲਈ ਇਕ ਖੁਸ਼ੀ ਦੀ ਖ਼ਬਰ ਰਹੀ ਹੋਵੇਗੀ: ਆਖਿਰਕਾਰ ਉਹ ਉਸ ਕੰਮ ਵਿਚ ਸਫਲ ਹੋਵੇਗਾ ਜੋ ਪਰਮੇਸ਼ੁਰ ਉਸ ਨੂੰ ਦੇ ਰਿਹਾ ਸੀ। ਇਸ ਤੋਂ ਇਲਾਵਾ, ਪਰਮੇਸ਼ੁਰ ਦੇ ਦੁਆਰਾ ਅਬਰਾਹਾਮ ਦੇ ਨਾਲ ਕੀਤਾ ਵਾਇਦਾ ਪੂਰਾ ਹੋਵੇਗਾ ਕਿਉਂਕਿ ਉਸ ਨੇ ਮਿਸਰ ਦਾ ਨਿਆਂ ਕੀਤਾ ਅਤੇ ਇਸਰਾਏਲ ਨੂੰ "ਵੱਡੇ ਮਾਲ ਧਨ ਨਾਲ" ਬਾਹਰ ਕੱਢਿਆ (ਉਤਪਤ 15:14)।

# ਪ੍ਰਾਸੰਗਿਕਤਾ

## ਪਰਮੇਸ਼ੁਰ ਇੱਕ ਆਦਮੀ ਨੂੰ ਕਿਵੇਂ ਤਿਆਰ ਕਰਦਾ ਹੈ (ਅਧਿਆਇ 1-4)

ਮਿਸਰ ਵਿਚ ਇਸਰਾਏਲ ਨੂੰ ਬਹੁਤ ਹੀ ਸਤਾਇਆ ਗਿਆ ਸੀ। ਪਰਮੇਸ਼ੁਰ ਨੇ ਆਪਣੇ ਲੋਕਾਂ ਦੀ ਦੁਹਾਈ ਸੁਣੀ ਅਤੇ ਉਨ੍ਹਾਂ ਨੂੰ ਛੁਟਕਾਰਾ ਦਿਵਾਉਣ ਦਾ ਦ੍ਰਿੜ੍ਹ ਫ਼ੈਸਲਾ ਕੀਤਾ। ਹਾਲਾਂਕਿ ਛੁਟਕਾਰਾ ਦਿਵਾਉਣਾ ਨਿਸ਼ਚਤ ਤੌਰ ਤੇ ਪਰਮੇਸ਼ੁਰ ਦਾ ਕੰਮ ਸੀ, ਉਸ ਨੇ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਇੱਕ ਮਨੁੱਖ - ਮੂਸਾ - ਦਾ ਇਸਤੇਮਾਲ ਕੀਤਾ। ਧਰਤੀ ਉੱਤੇ ਪਰਮੇਸ਼ੁਰ ਜਿਨ੍ਹਾਂ ਕੰਮਾਂ ਨੂੰ ਪੂਰਾ ਕਰਨਾ ਚਾਹੁੰਦਾ ਹੈ, ਉਨ੍ਹਾਂ ਨੂੰ ਉਹ ਮਨੁੱਖੀ ਯੰਤਰਾਂ ਨੂੰ ਵਰਤ ਕੇ ਪੂਰਾ ਕਰਦਾ ਹੈ। ਉਹ ਇਹ ਕਿਵੇਂ ਕਰਦਾ ਹੈ? ਉਜਾੜ ਵਿਚ ਇਸਰਾਏਲ ਦੀ ਅਗਵਾਈ ਕਰਨ ਦੇ ਲਈ ਮੂਸਾ ਦੀ ਤਿਆਰੀ ਦੀ

ਕਹਾਣੀ ਇਸ ਸਵਾਲ ਦਾ ਜਵਾਬ ਦੇ ਸਕਦੀ ਹੈ। ਕੂਚ ਦੀ ਕਿਤਾਬ ਦੇ ਪਹਿਲੇ ਕੁਝ ਅਧਿਆਵਾਂ ਤੋਂ ਪਤਾ ਲੱਗਦਾ ਹੈ ਕਿ ਪਰਮੇਸ਼ੁਰ ਕਿਸੇ ਨੂੰ ਕਿਵੇਂ ਤਿਆਰ ਕਰਦਾ ਹੈ ਜਿਸ ਦੇ ਦੁਆਰਾ ਉਹ ਆਪਣੀ ਇੱਛਾ ਨੂੰ ਪੂਰਾ ਕਰ ਸਕੇ।

*ਪਰਮੇਸ਼ੁਰ ਨੇ ਮੂਸਾ ਨੂੰ ਚੁਣਿਆ।* ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮੂਸਾ, ਉਸ ਦੇ ਬਾਅਦ ਆਉਣ ਵਾਲੇ ਯਿਰਮਿਯਾਹ ਦੇ ਵਾਂਗ, ਜਨਮ ਤੋਂ ਹੀ ਚੁਣਿਆ ਹੋਇਆ ਸੀ। ਯਕੀਨੀ ਤੌਰ ਤੇ, ਇਸ ਨਾਲ ਮੂਸਾ ਦੁਆਰਾ ਪਰਮੇਸ਼ੁਰ ਨੂੰ ਚੁਣਨ ਦੀ ਲੋੜ ਘੱਟਦੀ ਨਹੀਂ ਹੈ (ਵੇਖੋ ਇਬਰਾਨੀਆਂ 11:24-26)। ਫਿਰ ਵੀ, ਮੂਸਾ ਇੱਕ ਖਾਸ ਕੰਮ ਕਰਨ ਦੇ ਲਈ ਪੈਦਾ ਹੋਇਆ ਸੀ। ਸਾਡੇ ਵਿਸ਼ੇ ਵਿਚ ਕੀ ਹੈ? ਇਹ ਸੰਭਵ ਹੈ ਕਿ ਸਾਡੇ ਸਾਰਿਆਂ ਦੇ ਲਈ ਪਰਮੇਸ਼ੁਰ ਦਾ ਇਕ ਖਾਸ ਮਕਸਦ ਹੈ? ਉਹ ਮਕਸਦ ਕੀ ਹੈ? ਇਹ ਸਥਾਨਕ ਕਲੀਸੀਆ ਵਿਚ ਇੱਕ ਖਾਸ ਭੂਮਿਕਾ ਹੋ ਸਕਦੀ ਹੈ। ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਕੋਲ ਇੰਜੀਲ ਦਾ ਬਿਰਤਾਂਤ ਲੈ ਕੇ ਜਾਣ ਦੇ ਯੋਗ ਹੋ ਸਕਦੇ ਹੋ ਜਦ ਕਿ ਕੋਈ ਹੋਰ ਇਹ ਨਹੀਂ ਕਰ ਸਕਦਾ ਹੈ; ਤੁਹਾਡੇ ਕੋਲ ਇਕ ਵਿਸ਼ੇਸ਼ ਦੇਸ ਜਾਂ ਲੋਕਾਂ ਦੇ ਕੋਲ ਇੰਜੀਲ ਦਾ ਬਿਰਤਾਂਤ ਲੈ ਜਾਣ ਦੀ ਯੋਗਤਾ ਹੋ ਸਕਦੀ ਹੈ। ਸ਼ਾਇਦ ਉੱਥੇ ਕੋਈ ਅਜਿਹੀ ਸੇਵਾ ਹੋਵੇ ਜੋ ਸਿਰਫ ਤੁਸੀਂ ਹੀ ਕਰ ਸਕਦੇ ਹੋ। ਅਸੀਂ ਕਿਵੇਂ ਜਾਣ ਸਕਦੇ ਹਾਂ ਕਿ ਪਰਮੇਸ਼ੁਰ ਸਾਡੇ ਤੋਂ ਕੀ ਚਾਹੁੰਦਾ ਹੈ? ਇਹ ਜਾਣਨ ਦੇ ਲਈ, ਸਾਨੂੰ ਪਰਮੇਸ਼ੁਰ ਦੁਆਰਾ ਇਸਤੇਮਾਲ ਕੀਤੇ ਜਾਣ ਲਈ ਤਿਆਰ ਹੋਣਾ ਚਾਹੀਦਾ ਹੈ। ਜਦੋਂ ਤੱਕ ਅਸੀਂ ਉਸ ਨੂੰ ਚੁਣਨਾ ਸ਼ੁਰੂ ਨਹੀਂ ਕਰਦੇ ਉਦੋਂ ਤੱਕ ਸ਼ਾਇਦ ਅਸੀਂ ਕਦੀ ਵੀ ਨਹੀਂ ਜਾਣ ਸਕਦੇ ਕਿ ਉਸ ਦੇ ਮਨ ਵਿਚ ਸਾਡੇ ਲਈ ਕੀ ਹੈ।

*ਪਰਮੇਸ਼ੁਰ ਨੇ ਮੂਸਾ ਦੀ ਰਖਵਾਲੀ ਕੀਤੀ।* ਜਿਸ ਨੂੰ ਪਰਮੇਸ਼ੁਰ ਨੇ ਚੁਣਿਆ ਹੈ, ਉਹ ਉਸ ਦੀ ਰਖਵਾਲੀ ਕਰਦਾ ਹੈ। ਪਰਮੇਸ਼ੁਰ ਨੇ ਇੱਕ ਬੱਚੇ ਦੇ ਸਮੇਂ ਵਿਚ ਮੂਸਾ ਨੂੰ ਮਾਰਨ ਨਹੀਂ ਦਿੱਤਾ, ਇਸ ਲਈ ਮੂਸਾ ਦੇ ਮਾਪਿਆਂ ਨੇ ਉਸ ਨੂੰ ਬਚਾਇਆ। ਜੋ ਲੋਕ ਮੌਤ ਦੇ ਬਿਲਕੁਲ ਨੇੜੇ ਆ ਪਹੁੰਚੇ ਹਨ ਪਰ ਉਨ੍ਹਾਂ ਨੂੰ ਬਚਾਇਆ ਗਿਆ ਹੈ ਉਹ ਪੁੱਛਦੇ ਹਨ, "ਕਿਉਂ? ਪਰਮੇਸ਼ੁਰ ਨੇ ਕਿਉਂ ਚੁਣਿਆ ਕਿ ਮੈਨੂੰ ਬਚਾਵੇ?" ਅਕਸਰ, ਉਹ ਉੱਤਰ ਦਿੰਦੇ ਹਨ, "ਪਰਮੇਸ਼ੁਰ ਦੇ ਕੋਲ ਜ਼ਰੂਰ ਮੇਰੇ ਲਈ ਇੱਕ ਮਿਸ਼ਨ ਹੋਵੇਗਾ।" ਅਸੀਂ ਉਨ੍ਹਾਂ ਦੇ ਨਾਲ ਅਸਹਿਮਤੀ ਪਰਗਟ ਨਹੀਂ ਕਰਾਂਗੇ, ਸਗੋਂ ਉਨ੍ਹਾਂ ਨੂੰ ਉਤਸਾਹਿਤ ਕਰਾਂਗੇ ਕਿ ਉਹ ਆਪਣੇ ਆਲੇ-ਦੁਆਲੇ ਉਸ ਮਿਸ਼ਨ ਦੀ ਖੋਜ ਕਰਨ। ਸ਼ਾਇਦ ਸਾਨੂੰ ਖੁਦ ਨੂੰ ਵੀ ਪੁੱਛਣਾ ਚਾਹੀਦਾ ਹੈ, "ਕੀ ਪਰਮੇਸ਼ੁਰ ਨੇ ਸਾਨੂੰ ਸਾਰਿਆਂ ਨੂੰ ਨਹੀਂ ਸਾਂਭਿਆ ਹੈ? ਉਸ ਨੇ ਸਾਨੂੰ ਪੈਦਾ ਕਿਉਂ ਹੋਣ ਦਿੱਤਾ ਹੈ? ਉਸ ਨੇ ਸਾਨੂੰ ਸਾਡੀਆਂ ਯਾਤਰਾਵਾਂ ਵਿਚ ਕਿਉਂ ਸਾਂਭਿਆ ਹੈ?" ਇਹ ਹੋ ਸਕਦਾ ਹੈ ਕਿ ਪਰਮੇਸ਼ੁਰ ਨੇ ਸਾਨੂੰ ਸਾਂਭਿਆ ਹੈ ਕਿਉਂਕਿ ਉਸ ਦੇ ਕੋਲ ਆਪਣੇ ਅੰਗੂਰੀ ਬਾਗ ਵਿਚ ਸਾਡੇ ਲਈ ਸੇਵਾ ਕਰਨ ਇੱਕ ਵਿਸ਼ੇਸ਼ ਸਥਾਨ ਹੈ।

*ਪਰਮੇਸ਼ੁਰ ਨੇ ਮੂਸਾ ਨੂੰ ਤਿਆਰ ਕੀਤਾ।* ਮੂਸਾ ਦੀ ਤਿਆਰੀ ਰੱਬੀ ਸੀ। ਉਹ ਨਹੀਂ ਜਾਣਦਾ ਸੀ ਕਿ ਉਹ ਕਿਸ ਚੀਜ਼ ਦੇ ਲਈ ਤਿਆਰ ਕੀਤਾ ਜਾ ਰਿਹਾ ਸੀ ਜਾਂ ਉਸ ਨੂੰ ਕਿਸੇ ਵੀ ਚੀਜ਼ ਦੇ ਲਈ ਤਿਆਰ ਕੀਤਾ ਜਾ ਰਿਹਾ ਸੀ। ਉਸ ਦੀ ਤਿਆਰੀ ਤਿੰਨਾਂ ਪੜਾਵਾਂ ਵਿਚ ਹੋਈ। (1) ਉਸ ਦੀ ਮਾਂ ਉਸ ਦੀ ਦਾਈ ਸੀ। ਉਸ ਦੇ ਕੋਲੋਂ, ਉਸ ਨੇ ਅਬਰਾਹਾਮ, ਇਸਹਾਕ, ਅਤੇ ਯਾਕੂਬ ਦੇ ਪਰਮੇਸ਼ੁਰ ਦੇ ਬਾਰੇ, ਨਾਲ ਹੀ ਨਾਲ ਇਸਰਾਏਲ ਦੀ ਦੁਰਦਸ਼ਾ ਦੇ ਬਾਰੇ ਸਿੱਖਿਆ ਹੋਵੇਗਾ। ਉਸ ਨੇ ਆਪਣੇ ਲੋਕਾਂ ਕੋਲੋਂ ਆਪਣੇ ਵਿਸ਼ਵਾਸ ਨੂੰ ਪ੍ਰਾਪਤ ਕੀਤਾ। (2) ਉਹ ਮਿਸਰ ਵਿਚ ਗੁਜ਼ਾਰੇ ਗਏ ਸਮੇਂ ਦੇ ਦਰਮਿਆਨ ਤਿਆਰ ਕੀਤਾ ਗਿਆ। ਉਸ ਸਮੇਂ ਦੇ ਕਾਰਣ, ਉਹ ਫ਼ਿਰਊਨ ਦੇ ਦਰਬਾਰ ਵਿਚ ਜਾ ਸਕਦਾ ਸੀ ਅਤੇ ਆਪਣੇ ਸ਼ਬਦਾਂ ਵਿਚ ਉਸ ਦੇ ਨਾਲ ਗੱਲ ਕਰ ਸਕਦਾ ਸੀ। ਉਹ ਮਿਸਰੀ ਅਦਾਲਤ, ਮਿਸਰੀ ਰੀਤੀ-ਰਿਵਾਜ਼, ਅਤੇ ਮਿਸਰੀ ਭਾਸ਼ਾ ਨੂੰ ਜਾਣਦਾ ਸੀ। (3) ਉਹ ਉਸ ਸਮੇਂ ਦੇ ਦੌਰਾਨ ਤਿਆਰ ਕੀਤਾ ਗਿਆ ਸੀ ਜੋ ਉਸ ਨੇ ਇੱਕ ਅਯਾਲੀ ਦੇ ਰੂਪ ਵਿਚ ਉਜਾੜ ਵਿਚ ਗੁਜ਼ਾਰਿਆ ਸੀ। ਮਿਦਯਾਨ

ਵਿਚ ਉਸ ਨੇ ਸਿੱਖਿਆ ਕਿ ਉਜਾੜ ਵਿਚ ਜੀਉਣਾ ਕਿਹੋ ਜਿਹਾ ਹੁੰਦਾ ਸੀ, ਉਸ ਨੇ ਉਸ ਸਥਾਨ ਨੂੰ ਜਾਣਿਆ ਜਿਸ ਦੇ ਵਿਚੋਂ ਇਸਰਾਏਲ ਨੇ ਸਫਰ ਕਰਨਾ ਸੀ, ਅਤੇ ਉਹ ਇੱਕ ਅਯਾਲੀ ਦੇ ਜੀਵਨ ਦਾ ਆਦੀ ਹੋ ਗਿਆ। ਖਾਸ ਤੌਰ ਤੇ ਮੂਸਾ ਨੇ ਉਸ ਰਵੱਈਏ ਨੂੰ ਸਿੱਖਿਆ, ਜਿਸ ਦੀ ਉਜਾੜ ਵਿਚ ਪਰਮੇਸ਼ੁਰ ਦੇ ਲੋਕਾਂ ਦੀ ਅਗਵਾਈ ਕਰਨ ਦੇ ਲਈ ਲੋੜ ਸੀ। ਮੂਸਾ ਅੱਸੀ ਸਾਲਾਂ ਦੀ ਉਮਰ ਵਿਚ ਇੱਕ ਕਠੋਰ, ਗੁੱਸੇ ਵਾਲਾ, ਅਤੇ (ਸ਼ਾਇਦ) ਹੰਕਾਰੀ ਆਦਮੀ ਨਹੀਂ ਸੀ। ਉਹ ਇੱਕ ਅਜਿਹਾ ਆਗੂ ਬਣਨ ਦੇ ਲਈ ਤਿਆਰ ਸੀ ਜੋ ਆਪਣੇ ਆਪ ਦੀ ਬਜਾਇ ਪਰਮੇਸ਼ੁਰ ਤੇ ਭਰੋਸਾ ਰੱਖਣ ਵਾਲਾ ਸੀ; ਉਹ ਨਿਰਸੁਆਰਥ ਅਯਾਲੀ, ਇੱਕ ਦਾਸ ਆਗੂ ਸੀ - ਜਿਸ ਕਿਸਮ ਦੇ ਆਗੂ ਦੀ ਇਸਰਾਏਲ ਨੂੰ ਲੋੜ ਸੀ।

ਤੁਹਾਡੀ ਤਿਆਰੀ ਕੀ ਹੈ? ਪਰਮੇਸ਼ੁਰ ਤੁਹਾਨੂੰ ਤੁਹਾਡੀ ਸਕੂਲੀ ਸਿੱਖਿਆ, ਤੁਹਾਡੇ ਵਿਰਸੇ, ਤੁਹਾਡੇ ਘਰੇਲੂ ਜੀਵਨ, ਤੁਹਾਡੇ ਕੰਮ, ਤੁਹਾਡੇ ਰਿਸ਼ਤਿਆਂ, ਤੁਹਾਡੀਆਂ ਕਾਮਯਾਬੀਆਂ, ਅਤੇ ਇੱਥੋਂ ਤੱਕ ਕਿ ਤੁਹਾਡੀਆਂ ਅਸਫਲਤਾਵਾਂ (ਰੋਮੀਆਂ 8:28) ਦੇ ਦੁਆਰਾ ਵੀ ਤਿਆਰ ਕਰ ਰਿਹਾ ਹੈ। ਸ਼ਾਇਦ ਪਰਮੇਸ਼ੁਰ ਤੁਹਾਨੂੰ ਇਕ ਖਾਸ ਕੰਮ ਦੇ ਲਈ ਤਿਆਰ ਕਰ ਰਿਹਾ ਹੈ। ਇਕ ਪ੍ਰਚਾਰਕ ਜਿਸ ਨੂੰ ਲਾਇਲਾਜ ਕੈਂਸਰ ਸੀ, ਉਹ ਇਸ ਤੱਥ ਨੂੰ ਗਲਤ ਠਹਿਰਾਉਣ ਦੀ ਬਜਾਇ, ਕੈਂਸਰ ਵਾਲੇ ਹੋਰਨਾਂ ਲੋਕਾਂ ਦੀ ਸੇਵਾ ਕਰਨਾ ਸ਼ੁਰੂ ਕਰ ਸਕਦਾ ਹੈ। ਇੱਕ ਮਸੀਹੀ ਜੋ ਇੱਕ ਸ਼ਰਾਬੀ ਅਤੇ ਨਸ਼ਿਆਂ ਦਾ ਆਦੀ ਹੋਇਆ ਕਰਦਾ ਸੀ ਉਸ ਨੇ ਆਪਣਾ ਜੀਵਨ ਬਦਲ ਲਿਆ, ਇੱਕ ਸਿੱਖਿਆ ਪ੍ਰਾਪਤ ਕੀਤੀ, ਅਤੇ ਹੋਰਨਾਂ ਲੋਕਾਂ ਦਾ ਜੋ ਉਸੇ ਦਸ਼ਾ ਵਿਚ ਸਨ ਜਿਸ ਉੱਤੇ ਉਸ ਨੇ ਜਿੱਤ ਪ੍ਰਾਪਤ ਕੀਤੀ ਸੀ ਸਲਾਹਕਾਰ ਬਣ ਗਿਆ।

*ਪਰਮੇਸ਼ੁਰ ਨੇ ਮੂਸਾ ਨੂੰ ਬੁਲਾਇਆ।* ਉਸ ਨੇ ਮੂਸਾ ਨੂੰ ਬੁਲਾਇਆ ਜਦੋਂ ਉਸ ਨੇ ਬਲਦੀ ਝਾੜੀ ਦੇ ਵਿਚੋਂ ਉਸ ਨਾਲ ਗੱਲ ਕੀਤੀ ਸੀ। ਸ਼ਾਇਦ ਉਸ ਦੀ ਬੁਲਾਹਟ ਦਾ ਪਹਿਲਾ ਹਿੱਸਾ ਮੂਸਾ ਨੂੰ ਉਸ ਦੀ ਮਹਾਨਤਾ ਅਤੇ ਪਵਿੱਤਰਤਾ ਤੋਂ ਜਾਣੂ ਕਰਵਾਉਣਾ ਸੀ। ਫਿਰ ਵੀ, ਮੂਸਾ ਪਰਮੇਸ਼ੁਰ ਦੀ ਗੱਲ ਸੁਣਨਾ ਨਹੀਂ ਚਾਹੁੰਦਾ ਸੀ! ਉਸ ਨੇ ਇਤਰਾਜ਼ ਕੀਤਾ: (1) “ਮੈਂ ਕੌਣ ਹਾਂ?”; (2) “ਮੈਂ ਕੀ ਕਹਾਂਗਾ ਕਿ ਮੈਨੂੰ ਕਿਸ ਨੇ ਘੱਲਿਆ ਹੈ?”; (3) “ਉਹ ਮੇਰੀ ਪਰਤੀਤ ਨਾ ਕਰਨਗੇ”; (4) “ਮੇਰੀ ਬੋਲੀ ਢਿੱਲੀ ਹੈ”; (5) “ਜਿਸ ਦੇ ਹੱਥ ਤੂੰ ਘੱਲਣਾ ਚਾਹੇਂ ਘੱਲ ਦੇਹ।” ਪਰ, ਪਰਮੇਸ਼ੁਰ ਉੱਤਰ ਦੇਣ ਵਿਚ ਦੇਰੀ ਨਹੀਂ ਕਰੇਗਾ। ਉਸ ਦੇ ਕੋਲ ਮੂਸਾ ਦੇ ਹਰ ਇਤਰਾਜ਼ ਦਾ ਇਕ ਉੱਤਰ ਸੀ।

ਕੀ ਪਰਮੇਸ਼ੁਰ ਹੁਣ ਵੀ ਪੁਕਾਰਦਾ ਹੈ? ਹਾਂ ਉਹ ਪੁਕਾਰਦਾ ਹੈ। ਚਮਤਕਾਰੀ ਢੰਗ ਨਾਲ ਨਹੀਂ, ਪਰ ਸਿੱਧੇ ਤੌਰ, ਹਾਲਾਤਾਂ ਦੇ ਦੁਆਰਾ। ਪਰਮੇਸ਼ੁਰ ਸਾਨੂੰ ਤਿਆਰ ਕਰਦਾ ਹੈ ਕਿ ਅਸੀਂ ਚੁਣੌਤੀਆਂ ਦਾ ਸਾਹਮਣਾ ਕਰੀਏ ਅਤੇ ਫਿਰ ਸਾਡੇ ਸਾਹਮਣੇ ਉਹ ਚੁਣੌਤੀਆਂ ਪੇਸ਼ ਕਰਦਾ ਹੈ। ਜਦੋਂ ਸਾਡੇ ਦਿਲ ਅਜਿਹੀਆਂ ਚੁਣੌਤੀਆਂ ਨੂੰ ਸਵੀਕਾਰ ਕਰਨ ਲਈ ਪ੍ਰੇਰਿਤ ਹੁੰਦੇ ਹਨ, ਉਸੇ ਸਮੇਂ ਅਤੇ ਉਸੇ ਤਰੀਕੇ ਦੇ ਨਾਲ ਪਰਮੇਸ਼ੁਰ ਸਾਨੂੰ ਬੁਲਾਉਂਦਾ ਹੈ।

ਕੀ ਪਰਮੇਸ਼ੁਰ ਜਵਾਬ ਵਿਚ ਨਾ ਨੂੰ ਲੈਂਦਾ ਹੈ? ਹਾਂ, ਉਹ ਲੈਂਦਾ ਹੈ। ਜੇਕਰ ਅਸੀਂ ਉਸ ਦੀ ਬੁਲਾਹਟ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੇ ਹਾਂ, ਤਾਂ ਵੀ ਉਹ ਆਪਣੇ ਉਦੇਸ਼ਾਂ ਨੂੰ ਪੂਰਾ ਕਰ ਸਕਦਾ ਹੈ - ਪਰ ਉਹ ਸਾਡੇ ਦੁਆਰਾ ਉਸ ਨੂੰ ਨਹੀਂ ਕਰੇਗਾ (ਵੇਖੋ ਅਸਤਰ 4:14)। ਪੌਲੁਸ ਨੇ ਕਿਹਾ, “ਮੈਂ ਉਸ ਸੁਰਗੀ ਦਰਸ਼ਣ ਤੋਂ ਬੇਮੁਖ ਨਾ ਹੋਇਆ” (ਰਸੂਲਾਂ ਦੇ ਕਰਤੱਬ 26:19), ਇਸ ਦਾ ਭਾਵ ਹੈ ਕਿ ਪਰਮੇਸ਼ੁਰ ਦੀ ਬੁਲਾਹਟ ਦੀ ਅਣਆਗਿਆਕਾਰੀ ਕਰਨਾ ਸੰਭਵ ਹੈ।

*ਪਰਮੇਸ਼ੁਰ ਨੇ ਮੂਸਾ ਨੂੰ ਤਕੜਾ ਕੀਤਾ।* ਮੂਸਾ ਦੀ ਅਣਇੱਛਾ ਦੇ ਲਈ ਪਰਮੇਸ਼ੁਰ ਦਾ ਪ੍ਰਾਥਮਿਕ ਉੱਤਰ ਸੀ “ਮੈਂ ਤੇਰੇ ਨਾਲ ਹੋਵਾਂਗਾ।” ਅੱਜ ਸਾਡੇ ਲਈ ਵੀ ਪਰਮੇਸ਼ੁਰ ਦਾ ਉੱਤਰ ਇਹੋ ਹੀ ਹੈ (ਮੱਤੀ 28:18-20)। ਪਰਮੇਸ਼ੁਰ ਕਦੀ ਵੀ ਉਸ ਸਮੇਂ ਤਕ ਸਾਨੂੰ ਕੋਈ ਕੰਮ ਕਰਨ ਦੇ ਲਈ ਨਹੀਂ ਦਿੰਦਾ

ਜਦੋਂ ਤੱਕ ਉਹ ਸਾਨੂੰ ਇਸ ਨੂੰ ਕਰਨ ਦੀ ਯੋਗਤਾ ਨਾ ਦੇਵੇ (ਅਫ਼ਸੀਆਂ 3:20; ਫ਼ਿਲਿੱਪੀਆਂ 4:13)। "ਜਦੋਂ (ਜਾਂ ਜਿੱਥੇ) ਪਰਮੇਸ਼ੁਰ ਅਗਵਾਈ ਕਰਦਾ ਹੈ, ਪਰਮੇਸ਼ੁਰ ਮੁਹੱਈਆ ਕਰਦਾ ਹੈ।" ਜਦੋਂ ਅਸੀਂ ਪਰਮੇਸ਼ੁਰ ਦੀ ਇੱਛਾ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ, ਪਰਮੇਸ਼ੁਰ ਦੀ ਬੁਲਾਹਟ ਦਾ ਉੱਤਰ ਦੇਣ ਦੀ, ਤਾਂ ਉਹ ਸਾਨੂੰ ਸ਼ਕਤੀ ਦੇਵੇਗਾ ਕਿ ਅਸੀਂ ਉਸ ਦੇ ਉਦੇਸ਼ਾਂ ਨੂੰ ਪੂਰਾ ਕਰ ਸਕੀਏ।

ਮੂਸਾ ਫ਼ਿਰਊਨ ਦੇ ਸਾਹਮਣੇ ਖੜਾ ਹੋਇਆ ਅਤੇ ਉਸ ਨੂੰ ਕਿਹਾ, "ਯਹੋਵਾਹ ਇਸਰਾਏਲ ਦਾ ਪਰਮੇਸ਼ੁਰ ਐਉਂ ਫ਼ਰਮਾਉਂਦਾ ਹੈ, 'ਮੇਰੀ ਪਰਜਾ ਨੂੰ ਜਾਣ ਦੇਹ!'" ਮੂਸਾ ਦੇ ਵਿਚ ਕਿੰਨਾ ਵੱਡਾ ਬਦਲਾਅ ਆਇਆ ਸੀ! ਉਹ ਇੱਕ ਇਸਰਾਏਲੀ ਗ਼ੁਲਾਮ ਨਹੀਂ ਸੀ ਜੋ ਉਸ ਨੇ ਹੋਣਾ ਸੀ ਜੇਕਰ ਫ਼ਿਰਊਨ ਦੇ ਫ਼ਰਮਾਨ ਦੇ ਕਾਰਣ ਉਸ ਨੂੰ ਨਦੀ ਵਿਚ ਰੱਖਿਆ ਨਾ ਜਾਂਦਾ। ਉਹ ਕਠੋਰ, ਘਮੰਡੀ, ਮਿਸਰੀ ਰਾਜਕੁਮਾਰ ਨਹੀਂ ਸੀ ਜੋ ਉਸ ਨੇ ਹੋਣਾ ਸੀ ਜੇਕਰ ਉਹ ਮਿਦਯਾਨ ਵਿਚਲੇ ਆਪਣੇ ਤਜ਼ਰਬਿਆਂ ਤੋਂ ਰਹਿਤ ਹੁੰਦਾ। ਉਹ ਮਿਸਰ ਦਾ ਡਰਿਆ ਹੋਇਆ ਭਗੌੜਾ ਜਾਂ ਮਿਦਯਾਨ ਦਾ ਬਦਬੂਦਾਰ ਅਯਾਲੀ ਨਹੀਂ ਸੀ ਜੋ ਉਸ ਨੇ ਹੋਣਾ ਸੀ ਜੇਕਰ ਪਰਮੇਸ਼ੁਰ ਨੇ ਉਸ ਨੂੰ ਨਾ ਬੁਲਾਇਆ ਹੁੰਦਾ। ਉਹ ਇਨ੍ਹਾਂ ਵਿਚੋਂ ਕੁੱਝ ਵੀ ਨਹੀਂ ਸੀ, ਜਦਕਿ ਉਹ ਉਨ੍ਹਾਂ ਸਾਰਿਆਂ ਵਿਚੋਂ ਸੀ ਅਤੇ ਉਸ ਤੋਂ ਵੀ ਵਧੀਕ ਸੀ। ਉਹ ਪਰਮੇਸ਼ੁਰ ਦਾ ਬੰਦਾ ਸੀ, ਪਰਮੇਸ਼ੁਰ ਦਾ ਬੁਲਾਰਾ, ਪਰਮੇਸ਼ੁਰ ਦਾ ਨਬੀ - ਫ਼ਿਰਊਨ ਦੇ ਬਰਾਬਰ, ਸਗੋਂ ਉਸ ਤੋਂ ਵੀ ਵੱਧ ਕੇ - ਨਿਡਰ, ਪਰਮੇਸ਼ੁਰ ਦੀ ਇੱਛਾ ਨੂੰ ਕਰਨ ਲਈ ਤਿਆਰ, ਅਤੇ ਉਜਾੜ ਵਿਚ ਚਾਲੀ ਸਾਲਾਂ ਤੱਕ ਇਕ ਆਕੀ ਕੌਮ ਦੀ ਅਗਵਾਈ ਕਰਨ ਦੀ ਕੋਸ਼ਿਸ਼ ਕਰਨ ਲਈ ਤਿਆਰ। ਪਰਮੇਸ਼ੁਰ ਨੇ ਉਸ ਦੇ ਦੁਆਰਾ ਕਿੰਨੇ ਮਹਾਨ ਕੰਮਾਂ ਨੂੰ ਪੂਰਾ ਕੀਤਾ!

ਇਸੇ ਤਰ੍ਹਾਂ ਦੇ ਬਿਆਨ ਸਾਡੇ ਲਈ ਵੀ ਬਣਾਏ ਜਾ ਸਕਦੇ ਹਨ। ਹਾਲਾਂਕਿ ਅਸੀਂ ਕਮਜ਼ੋਰ ਹਾਂ, ਹਾਲਾਂਕਿ ਅਸੀਂ ਅਯੋਗ ਹਾਂ, ਪਰ ਪਰਮੇਸ਼ੁਰ ਸਾਡੇ ਦੁਆਰਾ ਮਹਾਨ ਕੰਮ ਕਰ ਸਕਦਾ ਹੈ। ਸਾਨੂੰ ਆਪਣੇ ਜੀਵਨਾਂ ਦੇ ਲਈ ਪਰਮੇਸ਼ੁਰ ਦੀ ਇੱਛਾ ਦੀ ਭਾਲ ਕਰਨੀ ਚਾਹੀਦੀ ਹੈ ਅਤੇ ਫਿਰ ਉਸ ਦੀ ਇੱਛਾ ਨੂੰ ਪੂਰਾ ਕਰਨ ਦੇ ਲਈ ਮੁੜਣਾ ਚਾਹੀਦਾ ਹੈ!

## ਮਹਾਨ "ਮੈਂ ਹਾਂ" (ਅਧਿਆਇ 3)

ਲਗਭਗ ਕੂਚ ਦੇ ਕਿਸੇ ਵੀ ਅਧਿਆਇ ਨੂੰ ਪਰਮੇਸ਼ੁਰ ਦੀਆਂ ਵਿਸ਼ੇਸ਼ਤਾਵਾਂ ਦਾ ਪ੍ਰਚਾਰ ਕਰਨ ਦੇ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਕੂਚ ਅਧਿਆਇ 3 ਤੋਂ ""ਮਹਾਨ 'ਮੈਂ ਹਾਂ'" ਦੇ ਵਿਸ਼ੇ ਤੇ ਇਕ ਉਪਦੇਸ਼ ਵਿਚ ਪਰਮੇਸ਼ੁਰ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਵੱਲ ਧਿਆਨ ਦਿਵਾਇਆ ਜਾ ਸਕਦਾ ਹੈ: (1) ਪਰਮੇਸ਼ੁਰ "ਮੈਂ ਹਾਂ" ਹੈ, ਉਹ ਜੋ ਹੈ, ਜੋ ਹਮੇਸ਼ਾ ਰਿਹਾ ਹੈ, ਅਤੇ ਜੋ ਹੋਣ ਦਾ ਕਾਰਣ ਹੈ। (2) ਪਰਮੇਸ਼ੁਰ ਪਵਿੱਤਰ ਹੈ - ਉਸ ਦੇ ਚੇਹਰੇ ਨੂੰ ਵੇਖਣਾ, ਉਹ ਇੰਨਾ ਪਵਿੱਤਰ ਹੈ ਕਿ ਉਸ ਦੀ ਹਜ਼ੂਰੀ ਵਿਚ ਆਪਣੇ ਖੁਦ ਦੇ ਪਾਪ ਦੀ ਪਹਿਚਾਣ ਹੋ ਜਾਂਦੀ ਹੈ। (3) ਪਰਮੇਸ਼ੁਰ ਨੇ ਮਨੁੱਖ ਦੇ ਨਾਲ ਇੱਕ ਰਿਸ਼ਤਾ ਕਾਇਮ ਕਰਨਾ ਸਵੀਕਾਰ ਕੀਤਾ ਹੈ; ਉਹ ਪਿਉ ਦਾਦਿਆਂ ਦਾ ਪਰਮੇਸ਼ੁਰ ਹੈ। (4) ਪਰਮੇਸ਼ੁਰ ਦਿਆਲੂ ਛੁਟਕਾਰਾ ਦੇਣ ਵਾਲਾ ਹੈ: ਭੂਤ ਕਾਲ ਵਿਚ ਇਸਰਾਏਲ ਦਾ, ਪਰ ਅੱਜ ਸਾਰੀ ਮਨੁੱਖ ਜਾਤੀ ਦਾ।

## ਪਵਿੱਤਰ ਭੂਮੀ (3:1-6)

ਜਦੋਂ ਪਰਮੇਸ਼ੁਰ ਮੂਸਾ ਤੇ ਪਰਗਟ ਹੋਇਆ ਸੀ ਤਾਂ ਜਿਸ ਭੂਮੀ ਤੇ ਮੂਸਾ ਖੜ੍ਹਾ ਸੀ ਉਹ "ਪਵਿੱਤ੍ਰ ਭੂਮੀ" ਸੀ ਸਿਰਫ ਇਸ ਲਈ ਕਿ ਪਰਮੇਸ਼ੁਰ ਦਾ ਸੰਬੰਧ ਉਸ ਦੇ ਨਾਲ ਸੀ ਅਤੇ ਉਦੋਂ ਤੱਕ ਹੀ ਜਦੋਂ ਤੱਕ ਪਰਮੇਸ਼ੁਰ ਦਾ ਸੰਬੰਧ ਉਸ ਦੇ ਨਾਲ ਰਿਹਾ। ਇਸ ਧਰਤੀ ਦਾ ਕੋਈ ਵੀ ਮੈਦਾਨ ਅੱਜ "ਪਵਿੱਤ੍ਰ ਭੂਮੀ" ਨਹੀਂ ਹੈ। "ਪਵਿੱਤ੍ਰ ਭੂਮੀ" ਉਸੇ ਅਰਥ ਵਿਚ ਪਵਿੱਤਰ ਨਹੀਂ ਹੈ ਜਿਵੇਂ ਕੂਚ 3:5 ਵਾਲੀ ਭੂਮੀ ਸੀ। ਸਾਡੇ ਸੰਸਾਰ ਵਿਚ "ਪਵਿੱਤ੍ਰ ਭੂਮੀ" ਦੀ ਸਭ ਤੋਂ ਨਜ਼ਦੀਕੀ ਚੀਜ਼ ਕਲੀਸੀਆ ਹੈ ਜਿਸ ਦੇ ਲਈ

ਮਸੀਹ ਮਰਿਆ। ਸਾਨੂੰ ਪਰਮੇਸ਼ੁਰ ਨਾਲ ਜੁੜੀਆਂ ਚੀਜ਼ਾਂ, ਜਿਵੇਂ ਕਿ ਕਲੀਸੀਆ, ਪਵਿੱਤਰ ਬਾਈਬਲ, ਬੰਦਗੀ, ਅਤੇ ਪਰਮੇਸ਼ੁਰ ਦੇ ਨਾਮ ਨੂੰ ਵਧੇਰੇ ਆਦਰ ਦੇਣਾ ਸਿੱਖਣਾ ਚਾਹੀਦਾ ਹੈ।

## ਯਿਸੂ, ਮਹਾਨ "ਮੈਂ ਹਾਂ" (3:14)

ਨਵੇਂ ਨੇਮ ਵਿਚ ਯਿਸੂ ਨੇ ਵਾਕ "ਮੈਂ ਹਾਂ" ਦਾ ਇਸਤੇਮਾਲ ਕੀਤਾ (ਵੇਖੋ ਯੂਹੰਨਾ 8:24, 58), ਤਾਂ ਕਿ ਆਪਣੇ ਆਪ ਦੀ ਪਹਿਚਾਣ ਉਸ ਪਰਮੇਸ਼ੁਰ ਦੇ ਰੂਪ ਵਿਚ ਕਰਵਾਵੇ ਜਿਸ ਨੇ ਕੂਚ 3:14 ਵਿਚ ਆਪਣੇ ਆਪ ਨੂੰ "ਮੈਂ ਹਾਂ" ਕਿਹਾ ਸੀ। ਪਰਮੇਸ਼ੁਰ ਕੀ ਅਤੇ ਕੌਣ ਸੀ ਅਤੇ ਹੈ, ਯਿਸੂ ਉਹੀ ਸੀ ਅਤੇ ਹੈ। ਯੂਹੰਨਾ ਦੀ ਇੰਜੀਲ ਵਿਚਲੇ ਯਿਸੂ ਦੇ ਸੱਤ "ਮੈਂ ਹਾਂ" ਵਾਕਾਂ ਨੂੰ ਪੁਰਾਣੇ ਨੇਮ ਵਿਚ ਪਾਈਆਂ ਜਾਣ ਵਾਲੀਆਂ ਪਰਮੇਸ਼ੁਰ ਦੀਆਂ ਵਿਸ਼ੇਸ਼ਤਾਵਾਂ ਦੇ ਨਾਲ ਜੋੜਣਾ ਸੰਭਵ ਹੈ। ਇਸ ਤਰ੍ਹਾਂ ਦੇ ਉਪਦੇਸ਼ ਦਾ ਉਦੇਸ਼ ਯਿਸੂ ਦੇ ਪਰਮੇਸ਼ੁਰ ਹੋਣ ਦਾ ਦਾਅਵਾ ਕਰਨਾ ਅਤੇ ਇਹ ਸਮਝਾਉਣਾ ਹੋਵੇਗਾ ਕਿ ਉਹ ਉਸੇ ਤਰ੍ਹਾਂ ਸਾਡੀ ਦੇਖਭਾਲ ਕਰਦਾ ਹੈ ਜਿਵੇਂ ਭੂਤਕਾਲ ਵਿਚ ਪਰਮੇਸ਼ੁਰ ਨੇ ਆਪਣੇ ਲੋਕਾਂ ਦੀ ਦੇਖਭਾਲ ਕੀਤੀ।

---

ਟਿੱਪਣੀਆਂ

[1]ਕੁੱਝ ਲੋਕ ਬਿਲਆਮ (ਗਿਣਤੀ 22-24) ਨੂੰ ਪੁਰਾਣੇ ਜ਼ਮਾਨੇ ਦੇ ਗ਼ੈਰ- ਇਸਰਾਏਲੀ ਧਾਰਮਿਕ ਆਗੂਆਂ ਦੀ ਸੂਚੀ ਵਿਚ ਸ਼ਾਮਲ ਕਰ ਸਕਦੇ ਹਨ ਜੋ ਇੱਕੋ ਸੱਚੇ ਪਰਮੇਸ਼ੁਰ ਵਿਚ ਵਿਸ਼ਵਾਸ ਰੱਖਦੇ ਸਨ। ਪਰ, ਇਸ ਗੱਲ ਦੀ ਸੰਭਾਵਨਾ ਵਧੇਰੇ ਹੈ ਕਿ ਬਿਲਆਮ ਇੱਕ ਭਵਿੱਖ ਦੱਸਣ ਵਾਲਾ ਸੀ ਜੋ ਕਿਸੇ ਵੀ ਦੇਵਤੇ ਦੇ ਨਾਮ ਵਿਚ ਗੱਲ ਕਰੇਗਾ ਜਿਸ ਤੋਂ ਇੱਕ ਗ੍ਰਾਹਕ ਇੱਕ ਉੱਤਰ ਦੀ ਭਾਲ ਕਰਦਾ ਹੋਵੇ। [2]ਨੋਟਸ ਆਨ ਐਕਸੋਡਸ 3:1, ਬਰੂਸ ਐਮ. ਮੈਟਜ਼ਰ ਅਤੇ ਰੌਲੈਂਡ ਈ. ਮਰਫੀ, ਸੰਪਾਦਨ, *ਦ ਨਿਊ ਓਕਸਫੋਰਡ ਐਨੋਟੇਟਿਡ ਬਾਈਬਲ ਵਿਦ ਦ ਐਪੋਕ੍ਰਿਫ਼ਾ*, ਸੋਧ ਅਤੇ ਵਿਸਤਾਰ (ਨਿਊ ਯਾਰਕ: ਓਕਸਫੋਰਡ ਯੂਨੀਵਰਸਿਟੀ ਪ੍ਰੈੱਸ, 1991), 72; ਨਹੂਮ ਐਮ. ਸਰਨਾ, *ਐਕਸਪਲੋਰਿੰਗ ਐਕਸੋਡਸ: ਦ ਓਰਿੰਜਨਸ ਆਫ਼ ਬੀਬਲੀਕਲ ਇਜ਼ਰਾਈਲ* (ਨਿਊ ਯਾਰਕ: ਸ਼ਕਨ ਬੁਕਸ, 1996), 38. [3]ਉਸੇ ਸਥਾਨ ਤੇ, 38-39. ਇੱਕ "ਪ੍ਰੋਲੇਪਸਿਸ" (ਪੂਰਵ ਗਿਆਨ) "ਭਾਸ਼ਣ ਦਾ ਇੱਕ ਰੂਪ ਹੁੰਦਾ ਹੈ ਜਿਸ ਦੇ ਦੁਆਰਾ ਜਿਸ ਦਾ ਪਾਲਣ ਕਰਨਾ ਹੈ ਉਹ ਪਹਿਲਾਂ ਤੋਂ ਹੀ ਪ੍ਰਭਾਵਸ਼ਾਲੀ ਹੁੰਦਾ ਹੈ।" (*ਦ ਨਿਊ ਲੈਕਸੀਕਨ ਵੈਬਸਟਸ ਐਨਸਾਈਕਲੋਪੀਡਿਕ ਡਿਕਸ਼ਨਰੀ ਆਫ਼ ਦਾ ਇੰਗਲਿਸ਼ ਲੈਂਗੁਏਜ਼*, ਡੀਲਕਸ ਸੋਧ [ਡੈਨਬਰੀ, ਕਨੇਟੀਕਟ: ਲੈਕਸੀਕਾਨ ਪਬਲਿਸ਼ਰਜ਼, 1992], 800)। [4]ਟੇਰੇਂਸ ਈ. ਫਰੇਥੇਈਮ, *ਐਕਸੋਡਸ*, ਵਿਆਖਿਆ: ਸਿਖਾਉਣ ਅਤੇ ਪ੍ਰਚਾਰ ਕਰਨ ਦੇ ਲਈ ਬਾਈਬਲ ਦੀ ਇੱਕ ਟਿੱਪਣੀ (ਲੂਇਸਵਿਲੇ: ਜੌਨ ਨੌਕਸ ਪ੍ਰੈੱਸ, 1991), 51. [5]ਨੋਟਸ ਆਨ ਜੇਨੇਸਿਸ 16:7, ਮੈਟਜ਼ਰ ਅਤੇ ਮਰਫੀ, 20. ਤੁਲਨਾ ਕਰੋ ਉਤਪਤ 16:13; 21:17, 19; ਕੂਚ 14:19. [6]ਸਰਨਾ, 41. [7]ਨੋਟਸ ਆਨ ਐਕਸੋਡਸ 3:5, ਮੈਟਜ਼ਰ ਅਤੇ ਮਰਫੀ, 72. [8]ਸਰਨਾ, 44. [9]ਉਸੇ ਸਥਾਨ ਤੇ, 45. [10]ਨੋਟਸ ਆਨ ਐਕਸੋਡਸ 3:8, ਮੈਟਜ਼ਰ ਅਤੇ ਮਰਫੀ, 72.

[11]ਸਰਨਾ, 46-47. [12]ਉਸੇ ਸਥਾਨ ਤੇ, 47. [13]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡੋਨਰਜ਼ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 66-67. [14]ਸਰਨਾ, 49. [15]ਕੋਲ, 67. [16]ਉਸੇ ਸਥਾਨ ਤੇ। [17]ਜੌਨ ਗ੍ਰੇ, ਉਦਾਹਰਣ ਦੇ ਤੌਰ ਤੇ, ਆਇਤਾਂ 7 ਅਤੇ 8 J (ਜੇ) (ਦਾ ਯਾਹਵਿਸਟ) ਦੀਆਂ ਪ੍ਰਤੀਕ ਹਨ ਅਤੇ ਆਇਤਾਂ 9 ਤੋਂ 15 E (ਈ) (ਦ ਈਲੋਹਿਸਟ) ਦਾ ਪ੍ਰਤੀਕ ਹਨ। (ਜੌਨ ਗ੍ਰੇ, "ਦ ਬੁਕ ਆਫ਼ ਐਕਸੋਡਸ," *ਦ ਇੰਟਰਪ੍ਰੀਟਰਸ ਵਨ-ਵੋਲੀਅਮ ਕਮੈਂਟਰੀ ਆੱਨ ਦ ਬਾਈਬਲ*, ਸੰਪਾ. ਚਾਰਲਸ ਲੈਮੋਨ [ਨੈਸ਼ਵਿਲ: ਅਬਿੰਗਡਨ ਪ੍ਰੈੱਸ, 1971], 34.) [18]ਸਰਨਾ, 49. [19]ਕੋਲ, 68. [20]ਫਰੇਥੇਈਮ, 62.

[21]ਕੋਲ, 69. [22]ਕੁਝ ਅੰਗ੍ਰੇਜ਼ੀ ਸੰਸਕਰਣਾਂ ਵਿਚ ਟੈਟਰਾਗ੍ਰਾਮੇਟਨ ਦਾ ਲਿਪੀਅੰਤਰਣ "ਯਹੋਵਾਹ" ਦੇ ਰੂਪ ਵਿਚ ਕੀਤਾ ਗਿਆ ਹੈ, ਜੋ ਪਹਿਲਾਂ ਦੇ ਜਰਮਨ ਸਕਾਰਲਸ਼ਿਪ ਨੂੰ ਦਰਸਾਉਂਦਾ ਹੈ ਜੋ ਅੱਖਰ "j" ਅਤੇ "v" ਨੂੰ ਯੂਨਾਨੀ ਦੇ *yod* (ਯੋਦ) (י) ਅਤੇ *waw* (ਵਾਵ) (ו) ਦੇ ਲਈ ਇਸਤੇਮਾਲ ਕੀਤਾ ਗਿਆ ਹੈ। ਮੌਜੂਦਾ ਅੰਗ੍ਰੇਜ਼ੀ ਸਕਾਰਲਰਸ਼ਿਪ ਇਨ੍ਹਾਂ ਵਿਅੰਜਨਾਂ ਲਈ "y" ਅਤੇ "w" ਅੱਖਰਾਂ ਨੂੰ ਪਸੰਦ ਕਰਦੀ ਹੈ। [23]ਨੋਟਸ ਆਨ ਐਕਸੋਡਸਕੂਚ 3:14, ਮੈਟਜ਼ਰ ਅਤੇ ਮਰਫੀ, 72. [24]ਸਰਨਾ, 53. ਬਜ਼ੁਰਗਾਂ ਦਾ ਜ਼ਿਕਰ ਕੂਚ 4:29; 12:21; 17:5, 6; 18:12; 19:7; 24:1, 9, 14 ਵਿਚ ਵੀ ਹੈ। [25]ਉਸੇ ਸਥਾਨ ਤੇ, 55. [26]ਜੌਨ ਐੱਚ. ਵਾਲਟਨ ਅਤੇ ਵਿਕਟਰ ਐੱਚ. ਮੈਥਿਊਜ਼, *ਜੇਨੇਸਿਸ-ਡਿਊਟਰੋਨੋਮੀ*, ਦ IVP ਬਾਈਬਲ ਬੈਕਗਰਾਊਂਡ ਕਮੈਂਟਰੀ (ਡੋਨਰਜ਼ ਗਰੂਵ, ਇਲੀਨੋਇਸ: ਇੰਟਰਵਰਸਿਟੀ ਪ੍ਰੈੱਸ, 1997), 89.